Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਦਸੰਬਰ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਨਿੱਕੀਆਂ ਜਿੰਦਾਂ ਵੱਡੇ ਸਾਕੇ



ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਵੱਲੋਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੋਂ ਕਿਲ੍ਹਾ ਖਾਲ੍ਹੀ ਕਰਵਾਇਆ ਗਿਆ ਕਿ ਉਹ ਹਮਲਾ ਨਹੀਂ ਕਰਨਗੇ। ਗੁਰੂ ਸਾਹਿਬ ਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਸੀ ਪਰ ਮਾਤਾ ਗੁਜਰੀ ਜੀ ਅਤੇ ਕੁਝ ਸਿੰਘਾਂ ਦੇ ਕਹਿਣ 'ਤੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਹਾਲੇ ਗੁਰੂ ਜੀ ਦਾ ਵਹੀਰ ਸਰਸਾ ਨਦੀ ਕੰਢੇ ਹੀ ਪਹੁੰਚਿਆ ਸੀ ਕਿ ਪਹਾੜੀਆਂ ਰਾਜਿਆਂ ਅਤੇ ਮੁਗਲਾਂ ਨੇ ਪਿੱਛੋਂ ਦੀ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਵਿਚ ਉਸ ਵੇਲੇ ਹੜ੍ਹ ਆਇਆ ਹੋਇਆ ਸੀ। ਬਹੁਤ ਕੀਮਤੀ ਇਤਿਹਾਸ ਸਰਸਾ ਨਦੀ ਵਿਚ ਰੁੜ੍ਹ ਗਿਆ। ਇਸੇ ਸਥਾਨ 'ਤੇ ਗੁਰੂ ਜੀ ਦਾ ਪਰਿਵਾਰ ਵੀ ਆਪਸ ਵਿਚ ਵਿਛੜ ਗਿਆ। ਗੁਰੂ ਸਾਹਿਬ ਅਤੇ ਵੱਡੇ ਸਾਹਿਬਜ਼ਾਦੇ ਕੁੱਝ ਸਿੰਘਾਂ ਨਾਲ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਜੰਗਲ ਦੇ ਰਸਤੇ ਗੰਗੂ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਮਾਤਾ ਜੀ ਕੋਲ ਕੁਝ ਗਹਿਣੇ ਅਤੇ ਪੈਸੇ ਦੇਖ ਕੇ ਗੰਗੂ ਦੇ ਮਨ ਵਿਚ ਲਾਲਚ ਆ ਗਿਆ ਅਤੇ ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਕਾਰਨ ਬਣਿਆ। ਗੰਗੂ ਨੇ ਮੋਰਿੰਡੇ ਇਤਲਾਹ ਦਿੱਤੀ ਅਤੇ ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਰੱਖਿਆ ਗਿਆ। ਪੋਹ ਦੀ ਠੰਡੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘ ਰਹੀ ਸੀ, ਪਰ ਸਿਦਕ ਦੇ ਪੱਕੇ ਤੇ ਸ਼ਹੀਦ ਦਾਦੇ ਦੇ ਪੋਤੇ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਦਾ ਅਨੰਦ ਮਾਣ ਰਹੇ ਸਨ। ਉਹ ਭੁੱਖਣ-ਭਾਣੇ ਠੰਡੇ ਬੁਰਜ ਵਿਚ ਬੈਠੇ ਦਾਦੀ ਮਾਂ ਦੀਆਂ ਬਾਤਾਂ ਸੁਣ ਰਹੇ ਸਨ। ਦਾਦੀ ਮਾਂ ਸਮਝਾ ਰਹੀ ਸੀ ਕਿ ਬੱਚਿਓ! ਦਾਦਾ ਜੀ ਦੀ ਚਿੱਟੀ ਪੱਗ ਨੂੰ ਦਾਗ ਨਾ ਲੱਗਣ ਦਿਓ। ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਸਾਹਿਬਜ਼ਾਦਿਆਂ ਨੇ ਕਿਹਾ ਸੀ, ਸਿਰ ਦੇ ਕੇ ਸਿਦਕ ਬਚਾਵਾਂਗੇ! ਠੰਡੇ ਬੁਰਜ ਵਿੱਚੋਂ ਸਾਹਿਬਜ਼ਾਦਿਆਂ ਨੂੰ ਸਿਪਾਹੀਆਂ ਨੇ ਵਜ਼ੀਰ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੇ ਕਚਿਹਰੀ ਵਿਚ ਖੜ੍ਹੇ ਹੋ ਕੇ, ਗੱਜ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ। ਇਹ ਦੇਖ ਕੇ ਸੂਬਾ ਸਰਹੰਦ ਕੰਬ ਉੱਠਿਆ। ਸੂਬੇ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਡੁਲਾਉਣ ਲਈ ਤਰ੍ਹਾਂ-ਤਰ੍ਹਾਂ ਦੇ ਲਾਲਚ ਦਿੱਤੇ, ਤਾਂ ਕਿ ਉਹ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਸਿਦਕ ਤੋਂ ਨਾ ਡੋਲੇ।

ਭੁੱਖਣ ਭਾਣੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦੇ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਕਿ ਵਜ਼ੀਰ ਖ਼ਾਨ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਘਰੋਂ ਦੁੱਧ ਦੀ ਗੜਵੀ ਲੈ ਕੇ ਬੁਰਜ ਵਿਚ ਪਹੁੰਚਿਆ, ਰਸਤੇ ਵਿਚ ਪਹਿਰੇਦਾਰ ਦੇ ਰੋਕਣ 'ਤੇ ਉਸ ਨੂੰ ਕੁਝ ਮੋਹਰਾਂ ਵੀ ਦੇਣੀਆਂ ਪਈਆਂ। ਮਾਤਾ ਗੁਜਰੀ ਜੀ ਨੇ ਗਰਮ-ਗਰਮ ਦੁੱਧ ਪੋਤਿਆਂ ਨੂੰ ਛਕਾਇਆ ਅਤੇ ਭਾਈ ਮੋਤੀ ਰਾਮ ਮਹਿਰਾ ਨੂੰ ਅਸ਼ੀਰਵਾਦ ਦਿੱਤਾ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਦੀ ਕਚਿਹਰੀ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਕਚਹਿਰੀ ਵਿਚ ਜਾ ਕੇ ਗੱਜ ਕੇ ਫ਼ਤਿਹ ਬੁਲਾਈ। ਵਜ਼ੀਰ ਖ਼ਾਨ ਨੇ ਇਸਲਾਮ ਕਬੂਲਣ ਦੀ ਪੇਸ਼ਕਾਰੀ ਕੀਤੀ, ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਾਰੀ ਨੂੰ ਠੁਕਰਾ ਦਿੱਤਾ। ਵਜ਼ੀਰ ਖ਼ਾਨ ਨੇ ਬੱਚਿਆਂ ਤੋਂ ਪੁੱਛਿਆ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਬੱਚਿਆਂ ਨੇ ਜਵਾਬ ਦਿੱਤਾ ਅਸੀਂ ਆਪਣੇ ਗੁਰੂ ਪਿਤਾ ਜੀ ਵਾਂਗ ਸਿੰਘਾਂ ਦੀ ਇੱਕ ਫ਼ੌਜ ਤਿਆਰ ਕਰਕੇ ਤੇਰੇ ਵਰਗੇ ਗਿੱਦੜਾਂ ਨਾਲ ਲੜਾਂਗੇ। ਇਹ ਗੱਲ ਸੁਣ ਕੇ ਸੂਬੇ ਨੇ ਕਾਜ਼ੀ ਕੋਲੋਂ ਫ਼ਤਵਾ ਲਵਾਇਆ। ਕਾਜ਼ੀ ਨੇ ਸ਼ਰ੍ਹਾ ਦੀ ਕਿਤਾਬ ਫੋਲਦਿਆਂ ਕਿਹਾ ਕਿ ਇਨ੍ਹਾਂ ਬਾਗੀ ਦੇ ਪੁੱਤਰਾਂ ਨੂੰ ਜਿਊਂਦਿਆਂ ਹੀ ਨੀਹਾਂ ਵਿਚ ਚਿਣ ਦੇਣਾ ਚਾਹੀਦਾ ਹੈ। ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਦੋ ਜੱਲਾਦ ਭਰਾਵਾਂ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ਨੀਹਾਂ ਵਿਚ ਚਿਣਨਾ ਸ਼ੁਰੂ ਕਰ ਦਿੱਤਾ, ਜਦੋਂ ਕੰਧ ਛਾਤੀ ਤੱਕ ਪਹੁੰਚੀ ਤੇ ਇੱਟਾਂ ਦਾ ਢਾਂਚਾ ਥੱਲੇ ਡਿੱਗ ਪਿਆ ਜਿਸ ਨੂੰ ਦੇਖ ਕੇ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਹ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਆਪਣਾ ਸਰੀਰ ਤਿਆਗ ਗਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਭਾਈ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ। ਅੱਜ ਲੋੜ ਹੈ ਸਾਨੂੰ ਸਾਰਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜੀਵਨ ਸਫਲਾ ਕਰਨ ਦੀ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ





ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਝਹੂਰਾ
1901-1963

**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181


## Advisors


1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org


**FOR ONLINE DEPOSITS OF FUNDS BANK ACCOUNT**
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 04-12-2025 (ਵੀਰਵਾਰ)**
**ਸੰਗਰਾਂਦ - 15-12-2025 (ਸੋਮਵਾਰ)**
**ਮੱਸਿਆ - 19-12-2025 (ਸ਼ੁੱਕਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 150 | ਦਸੰਬਰ - 2025




| | | |
|---|---|---|
| 1. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ ! | 4 |
| 2. | ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ | 7 |
| 3. | ਸਾਹਿਬਜ਼ਾਦਿਆਂ ਦੀ ਸ਼ਹਾਦਤ | 10 |
| 4. | ਸੁਖ ਮੈ ਬਹੁਸੰਗੀ ਭਏ ਦੁਖ ਮੈਹਿ ਸੰਗਿ ਨ ਕੋਇ॥ | 12 |
| 5. | "ਗੁਰੂ ਲਾਧੋ ਰੇ" ਵਾਲੇ ਬਾਬਾ ਮੱਖਣ ਸ਼ਾਹ ਲੁਬਾਣਾ | 15 |
| 6. | ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 17 |
| 7. | ਜੀਵਨ ਵਿਕਾਸ - ਇਕ ਸੰਘਰਸ਼ | 19 |
| 8. | ਤੋਰ ਪੰਜਾਬਣ ਦੀ | 23 |
| 9. | ਨਾਟਕ ਹੀ ਨਾਟਕ | 24 |
| 10. | ਗੁਰ ਸਾਗਰ ਦੇ ਸੁੱਚੇ ਮੋਤੀ | 25 |
| 11. | ਸਚੁ ਸੁਣਾਇਸੀ ਸੱਚ ਕੀ ਬੇਲਾ | 26 |
| 12. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 28 |
| 13. | ਪੱਛਮੀ ਦੇਸ਼ਾਂ ਦਾ ਸਭ ਤੋਂ ਵੱਡਾ ਤਿਉਹਾਰ ਕ੍ਰਿਸਮਿਸ ਡੇ | 30 |
| 14. | ਸਿਹਤ ਸੰਭਾਲ | 31 |
| 15. | ਜਦੋਂ ਸਾਨੂੰ ਮੁਸੀਬਤ ਆਉਂਦੀ ਹੈ ਉਦੋਂ ਅਸੀਂ ਜ਼ਿੰਦਗੀ ਦੀ ਅਸਲ..... | 32 |
| 16. | ਕਾਵਿ-ਕਿਆਰੀ | 33 |
| 17. | छोटे साहिबजादे : जिन्हें मुगलों ने दीवार में जिंदा चुनवा दिया! | 35 |
| 18. | Applications are invited upto 15.02.2025 from eligible candidates | 37 |
| 19. | Matrimonial | 39 |
| 20. | ਦਾਨੀ ਸੱਜਣਾਂ ਦੀ ਸੂਚੀ | 40 |


**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**


**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ !




ਉਹ ਕਹਿਰ ਦੀ ਰਾਤ ਸੀ, ਜਦ ਸਿੱਖਾਂ ਨੇ ਸਰਸਾ ਨਦੀ ਪਾਰ ਕੀਤੀ। ਗੁਰੂ ਸਾਹਿਬ ਦਾ ਸਾਰਾ ਪਰਵਾਰ ਖੇਰੂੰ-ਖੇਰੂੰ ਹੋ ਗਿਆ। ਮਹਾਰਾਜ ਦੇ ਦੋਵੇਂ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਕੀ ਸਾਰੇ ਸਾਥ ਨਾਲੋਂ ਵਿਛੜ ਗਏ। ਉਹਨਾਂ ਨਾਲ ਇਕੋ ਗੰਗਾ ਰਾਮ ਬ੍ਰਾਹਮਣ ਰਹਿ ਗਿਆ ਸੀ। ਸਿੱਖ ਘਿਰਣਾ ਨਾਲ ਉਹਨੂੰ 'ਗੰਗੂ' ਕਹਿ ਕੇ ਬੁਲਾਉਂਦੇ ਹਨ।

ਮਾਤਾ ਜੀ ਮਾੜੇ ਜੇਹੇ ਘੋੜੇ 'ਤੇ ਅਸਵਾਰ ਸਨ। ਛੋਟਾ ਪੋਤਰਾ ਉਹਨਾਂ ਦੇ ਅੱਗੇ ਤੇ ਵੱਡਾ ਪਿੱਛੇ ਬੈਠਾ ਸੀ। ਸਾਥ ਤੋਂ ਵਿਛੜ ਕੇ ਉਹ ਬੜੇ ਉਦਾਸ ਸਨ। ਮਾਤਾ ਜੀ ਦੇ ਪਾਸ ਮੋਹਰਾਂ ਦੀ ਭਰੀ ਖੁਰਜੀ ਵੇਖ ਕੇ ਗੰਗੂ ਦਾ ਦਿਲ ਲਲਚਾ ਗਿਆ। ਉਹ ਮਾਤਾ ਜੀ ਨੂੰ ਆਪਣੇ ਘਰ, ਪਿੰਡ 'ਖੇੜੀ' ਲੈ ਗਿਆ। ਉਸ ਸਮੇਂ ਤਕ ਸੱਤ ਪੋਹ ਦਾ ਸੂਰਜ ਛਿਪ ਚੁੱਕਾ ਸੀ। ਗੰਗੂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਭੋਜਨ ਛਕਾਇਆ ਤੇ ਘਰ ਦੇ ਪਿਛਲੇ ਕਮਰੇ ਵਿਚ ਆਰਾਮ ਕਰਨ ਵਾਸਤੇ ਥਾਂ ਦਿੱਤੀ। ਗ਼ਮਾਂ ਦੇ ਮਾਰਿਆਂ ਨੂੰ ਨੀਂਦ ਕਿੱਥੇ ! ਢਲੀ ਰਾਤ ਪਲ ਕੁ ਮਾਤਾ ਜੀ ਦੀ ਅੱਖ ਲੱਗ ਗਈ। ਏਨੇ ਸਮੇਂ ਤੋਂ ਲਾਭ ਉਠਾ ਕੇ ਗੰਗੂ ਨੇ ਮਾਤਾ ਜੀ ਦੇ ਸਰ੍ਹਾਣਿਓਂ ਮੋਹਰਾਂ ਵਾਲੀ ਖੁਰਜੀ ਚੁੱਕ ਲਈ। ਦਿਨ ਚੜ੍ਹੇ ਮੰਜੇ ਹੇਠਾਂ ਖੁਰਜੀ ਨਾ ਪਈ ਵੇਖ ਕੇ ਮਾਤਾ ਜੀ ਨੇ ਬੜੀ ਨਰਮ ਬੋਲੀ ਵਿਚ ਪੁੱਛਿਆ, "ਬੇਟਾ ਗੰਗਾ ਰਾਮ ! ਸਗੋਂ ਖੁਰਜੀ ਚੁੱਕ ਕੇ ਕਿਸੇ ਹੋਰ ਥਾਂ ਸੰਭਾਲ ਦਿੱਤੀ ਉ?"




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ**
**ਚੰਡੀਗੜ੍ਹ**
**98155-40240**


ਏਨੀ ਸਾਧਾਰਨ ਪੁੱਛ ਉਤੇ ਹੀ ਗੰਗੂ ਭੜਕ ਉਠਿਆ। ਉਹਨੇ ਕ੍ਰੋਧ ਨਾਲ ਅੱਖਾਂ ਲਾਲ ਕਰਕੇ ਕਿਹੈ, "ਵਾਹ ਮਾਤਾ ਜੀ ! ਚੰਗਾ ਦਿੱਤਾ ਜੇ ਨੇਕੀ ਦਾ ਫਲ ! ਮੈਂ ਸਰਕਾਰ ਦੇ ਬਾਗੀਆਂ ਨੂੰ ਘਰ ਆਸਰਾ ਦਿੱਤਾ, ਤੇ ਉਲਟਾ ਮੈਨੂੰ ਚੋਰ ਕਹਿੰਦੇ ਹੋ? ਪਿੰਡ ਦੇ ਚੌਧਰੀ ਨੂੰ ਪਤਾ ਲੱਗ ਜਾਏ, ਤਾਂ ਮੈਂ ਕਿਤੇ ਭਾਲਿਆ ਨਾ ਲੱਭਾਂ। ਮੈਂ ਜਾਨ ਦਾ ਖ਼ਤਰਾ ਸਹੇੜ ਕੇ ਤੁਹਾਡੀ ਰੱਖਿਆ ਕੀਤੀ, ਤੇ ਤੁਸਾਂ ਮੈਨੂੰ ਹੀ ਚੋਰ ਬਣਾਇਆ। ਏਸ ਨਾਲੋਂ ਤਾਂ ਚੰਗਾ ਹੈ, ਕਿ ਮੈਂ ਸਾਰੀ ਗੱਲ ਚੌਧਰੀ ਨੂੰ ਜਾ ਦੱਸਾਂ।"

ਗੰਗੂ ਦੀ ਇਹ ਧਮਕੀ ਸੁਣ ਕੇ ਮਾਤਾ ਜੀ ਨੇ ਪਹਿਲਾਂ ਨਾਲੋਂ ਵੀ ਨਰਮ ਸੁਰ ਵਿਚ ਕਿਹਾ, "ਪੁੱਤ ! ਤੈਨੂੰ ਕਿਉਂ ਚੋਰ ਬਨਾਉਣਾ ਸੀ ਮੈਂ? ਮੈਂ ਤੈਨੂੰ ਪੁੱਤਰਾਂ ਵਾਂਗ ਪਾਲਿਆ ਏ। ਮੈਂ ਤਾਂ ਕਿਹਾ ਏ, ਸਗੋਂ ਚੰਗਾ ਕੀਤਾ ਈ, ਚਾਰ ਪੈਸੇ ਕਿਤੇ ਚੰਗੇ ਥਾਂ ਸੰਭਾਲ ਲਏ ਈ। ਭਲਾ ਤੇਰਾ ਤੇ ਸਾਡਾ ਕੁਝ ਵੰਡਿਆ ਹੋਇਆ ਏ?" "ਬੱਸ, ਰਹਿਣ ਦਿਹੋ ਮਾਤਾ ਜੀ ! ਮੈਂ ਇਹਨਾਂ ਗੱਲਾਂ ਵਿਚ ਆਉਣ ਵਾਲਾ ਨਹੀਂ। ਬੁੜਬੁੜ ਕਰਦਾ ਗੰਗੂ ਘਰੋਂ ਬਾਹਰ ਨਿਕਲ ਤੁਰਿਆ।

ਗੰਗੂ ਨੇ ਸਾਹਿਬਜ਼ਾਦੇ ਫੜਾ ਦਿੱਤੇ – ਮਾਤਾ ਜੀ ਬਥੇਰਾ ਰੋਕ ਰਹੇ, ਪਰ ਮਾਰੀ-ਮੱਤ ਵਾਲਾ ਗੰਗੂ ਮੁੜਿਆ ਨਾ। ਉਸ ਨੇ ਪਿੰਡ ਦੇ ਚੌਧਰੀ ਨੂੰ ਮਾਤਾ ਜੀ ਦੀ ਖ਼ਬਰ ਜਾ ਦਿੱਤੀ। ਚੌਧਰੀ ਓਸ ਵੇਲੇ ਆਪਣੇ ਆਦਮੀ ਲੈ ਕੇ ਆ ਗਿਆ। ਮਾਤਾ ਜੀ ਨੂੰ ਵੇਖ ਕੇ ਚੌਧਰੀ ਨੇ ਆਪਣੇ ਆਦਮੀ ਪਹਿਰੇ 'ਤੇ ਬਿਠਾ ਦਿੱਤੇ। ਚੌਧਰੀ ਤੇ ਗੰਗੂ-ਦੋਵੇਂ ਮੁਰੰਡੇ ਜਾ ਪਹੁੰਚੇ। ਖੇੜੀ ਤੋਂ ਦੋ ਕੁ ਮੀਲ ਹੈ ਮੁਰੰਡਾ। ਮੁਰੰਡੇ ਦੇ ਹਾਕਮ

(ਜਾਨੀ ਖ਼ਾਂ ਤੇ ਮਾਨੀ ਖ਼ਾਂ) ਓਸ ਵੇਲੇ ਸਿਪਾਹੀ ਲੈ ਕੇ ਖੇੜੀ ਜਾ ਪਹੁੰਚੇ। ਮਾਤਾ ਜੀ ਨੇ ਵੇਖ ਕੇ ਗੁੱਸੇ ਨਾਲ ਕਿਹਾ, "ਗੰਗਿਆ! ਜਿਸ ਧਨ ਦੇ ਲੋਭ ਪਿੱਛੇ ਇਹ ਪਾਪ ਕੀਤਾ ਈ, ਕੀ ਉਹ ਤੈਨੂੰ ਪਾਰ ਲੰਘਾ ਦੇਵੇਗਾ? ਤੇਰੀ ਮਰਜ਼ੀ।"

ਧਨ ਵਾਲੀ ਗੱਲ ਏਥੇ ਹੀ ਦੱਬੀ ਗਈ। ਜਾਨੀ ਖ਼ਾਂ, ਮਾਨੀ ਖ਼ਾਂ ਸਨ ਕਿ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਬਦਲੇ ਸਰਕਾਰ ਵੱਲੋਂ ਉਹਨਾਂ ਨੂੰ ਚੋਖੀ ਨੇਕਨਾਮੀ ਮਿਲੇਗੀ। ਉਹਨਾਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁਰੰਡੇ ਜਾ ਨਜ਼ਰਬੰਦ ਕੀਤਾ। ਦਸ ਪੋਹ ਨੂੰ ਨਵਾਬ ਵਜ਼ੀਰ ਖਾਂ ਵਾਪਸ ਸਰਹਿੰਦ ਪੁੱਜਾ, ਤਾਂ ਮੁਰੰਡੇ ਵਾਲਿਆਂ ਮਾਤਾ ਜੀ ਤੇ ਸਾਹਿਬਜ਼ਾਦੇ ਓਥੇ ਜਾ ਪੇਸ਼ ਕੀਤੇ। ਚਮਕੌਰ ਵਿਚੋਂ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਕਰਕੇ ਸੂਬੇਦਾਰ ਵਜ਼ੀਰ ਖਾਂ ਬੜਾ ਖਿਝਿਆ ਹੋਇਆ ਸੀ। ਉਸ ਵੇਲੇ ਆਪਣੀ ਬੜੀ ਵੱਡੀ ਹਾਰ ਤੇ ਨਮੋਸ਼ੀ ਸਮਝਦਾ ਸੀ। ਛੋਟੇ ਸਾਹਿਬਜ਼ਾਦਿਆਂ ਦੇ ਹੱਥ ਆ ਜਾਣ ਕਰਕੇ ਵਜ਼ੀਰ ਖਾਂ ਦੇ ਮਨ ਨੂੰ ਕੁਛ ਢਾਰਸ ਹੋਈ। ਉਹਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਲਗਭਗ ਅੱਠ ਪਹਿਰ ਦਾਦੀ ਪੋਤਰੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਰਿਆਂ ਨੂੰ ਗੋਦ ਵਿਚ ਲੈ ਕੇ ਬਜ਼ੁਰਗਾਂ ਦੀ ਦ੍ਰਿੜਤਾ ਦੀਆਂ ਸਾਖੀਆਂ ਸੁਣਾਉਂਦੀ ਰਹੀ। ਬਿਸਤਰੇ ਤੋਂ ਬਿਨਾਂ, ਠੰਢਾ ਬੁਰਜ, ਪੋਹ ਦੀ ਕਕਰੀਲੀ ਰਾਤ ਤੇ ਢਿੱਡੋਂ ਭੁੱਖੇ, ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਅਗਲੇ ਦਿਨ ਕਚਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਨਵਾਬ ਦੇ ਅਹਿਲਕਾਰਾਂ ਨੇ ਇਕ ਗੋਂਦ ਅਨੁਸਾਰ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ, ਤੇ ਸਾਹਿਬਜ਼ਾਦਿਆਂ ਦੇ ਲੰਘਣ ਵਾਸਤੇ ਛੋਟੀ ਜੇਹੀ ਬਾਰੀ ਖੁੱਲ੍ਹੀ ਰੱਖੀ। ਵਿਉਂਤ ਇਹ ਸੀ ਕਿ ਅੰਦਰ ਦਾਖ਼ਲ ਹੋਣ ਲੱਗੇ ਸਾਹਿਬਜ਼ਾਦੇ ਸਿਰ ਝੁਕਾ ਕੇ ਲੰਘਣਗੇ, ਤਾਂ ਸਾਰੇ ਦਰਬਾਰੀ ਰੌਲਾ ਪਾ ਦੇਣਗੇ, ਕਿ ਸਾਹਿਬਜ਼ਾਦੇ ਨਵਾਬ ਨੂੰ ਸਲਾਮ ਕਰ ਰਹੇ ਹਨ। ਦੋ ਸਿਪਾਹੀਆਂ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਗਏ। ਪੋਤਰਿਆਂ ਨੂੰ ਵਿੱਦਿਆ ਕਰਦਿਆਂ ਮਾਤਾ ਗੁਜਰੀ ਨੇ ਏਨਾ ਕਿਹਾ, "ਮੇਰੇ ਲਾਲ! ਏਨੀ ਗੱਲ ਯਾਦ ਰੱਖਣੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਮਰਦਾਂ ਵਾਂਗ ਅਡੋਲ ਰਹਿਣਾ। ਜ਼ਾਲਮ ਸਾਹਮਣੇ ਝੁਕਣਾ ਨਹੀਂ, ਗੱਜ ਕੇ ਫ਼ਤਹਿ ਬੁਲਾਉਣੀ।"

ਸਾਰੇ ਰਾਹ ਸਿਪਾਹੀ ਧਮਕੀਆਂ ਦੇਂਦੇ ਗਏ। ਨਵਾਬ ਦੇ ਸਿਪਾਹੀਆਂ ਨੇ ਧਮਕੀ ਦੇਂਦਿਆਂ ਕਿਹਾ, 'ਐ ਬਾਲਕੋ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।' ਤੁਹਾਡੇ ਪਿਤਾ ਜੀ ਨੇ ਸਲਾਮ ਕਰਨ ਦੀ ਥਾਂ, ਨਵਾਬ ਦਾ ਮੂੰਹ ਚਿੜਾਉਣਾ ਸ਼ੁਰੂ ਕਰ ਦਿੱਤਾ। ਛੋਟੇ ਹੁੰਦੇ ਤੋਂ ਹੀ ਉਹ ਕਿਸੇ ਆਕੜਖ਼ੋਰ ਦਾ ਰੁਹਬ ਤਾਂ ਮੰਨਦੇ ਹੀ ਨਹੀਂ ਸਨ।"

ਵੱਡੇ ਭਰਾ (ਸਾਹਿਬ ਜ਼ੋਰਾਵਰ ਸਿੰਘ ਜੀ) ਨੇ ਛੋਟੇ (ਸਾਹਿਬ ਫ਼ਤਿਹ ਸਿੰਘ ਜੀ) ਦੇ ਕੰਨ ਵਿਚ ਕੁਛ ਸਮਝਾਇਆ। ਸਿਪਾਹੀ ਨੇ ਕੜਕ ਕੇ ਕਿਹਾ, "ਔਧਰ ਵੇਖੋ! ਜਿਸ ਤਰ੍ਹਾਂ ਅਗਲਾ ਸਿਪਾਹੀ ਸਲਾਮ ਕਰਦਾ ਹੋਇਆ ਕਚਹਿਰੀ ਵਿਚ ਦਾਖਲ ਹੁੰਦਾ ਹੈ, ਓਸੇ ਤਰ੍ਹਾਂ ਸਲਾਮ ਕਰਨਾ ਹੋਵੇਗਾ।" ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੇਣ ਵਾਸਤੇ ਇਕ ਸਿਪਾਹੀ ਉਹਨਾਂ ਦੇ ਅੱਗੇ-ਅੱਗੇ ਬਾਰੀ ਵਿਚ ਦੀ ਸਿਰ ਝੁਕਾ ਕੇ ਸਲਾਮ ਕਰਦਾ ਹੋਇਆ ਲੰਘਿਆ। ਉਹਨਾਂ ਦਾ ਖ਼ਿਆਲ ਸੀ ਕਿ ਵੇਖੋ-ਵੇਖੀ ਸਾਹਿਬਜ਼ਾਦੇ ਵੀ ਓਸੇ ਤਰ੍ਹਾਂ ਕਰਨਗੇ। ਪਰ ਸਾਹਿਬਜ਼ਾਦਿਆਂ ਨੂੰ 'ਨਿਰਭੈਤਾ' ਦਾ ਗੁਣ ਆਪਣੇ ਪਿਤਾ ਵੱਲੋਂ ਵਿਰਸੇ ਵਿਚ ਮਿਲਿਆ ਹੋਇਆ ਸੀ। ਸਾਹਿਬ ਜ਼ੋਰਾਵਰ ਸਿੰਘ ਛੋਟਾ ਭਰਾ ਦੇ ਅੱਗੇ ਲੱਗ ਤੁਰੇ। ਉਹਨਾਂ ਪਹਿਲਾਂ ਬਾਰੀ ਵਿਚੋਂ ਪੈਰ ਅੱਗੇ ਲੰਘਾਏ ਤੇ ਫਿਰ ਸਿਰ। ਵੱਡੇ ਵੱਲ ਵੇਖ ਕੇ ਛੋਟੇ ਨੇ ਵੀ ਓਵੇਂ ਹੀ ਕੀਤਾ। ਦੁਸ਼ਮਣ ਦਾ ਇਹ ਮੱਕਾਰੀ ਭਰਿਆ ਵਾਰ ਖ਼ਾਲੀ ਗਿਆ। ਨਵਾਬ ਦੇ ਸਾਹਮਣੇ ਨਿਧੜਕ ਖਲੋ ਕੇ ਦੋਹਾਂ ਸਾਹਿਬਜ਼ਾਦਿਆਂ ਨੇ 'ਫ਼ਤਿਹ' ਬੁਲਾਈ। ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਗੁੱਸੇ ਨਾਲ ਬਹੁਤਿਆਂ ਦੇ ਮੱਥੇ ਉਤੇ ਵੱਟ ਪੈ ਗਏ।

ਵਜ਼ੀਰ ਖ਼ਾਂ ਦਾ ਪੇਸ਼ਕਾਰ ਇਕ ਹਿੰਦੂ ਸੁੱਚਾ ਨੰਦ ਸੀ। ਉਹਨਾਂ ਸਾਹਿਬਜ਼ਾਦਿਆਂ ਨੂੰ ਪਲੋਸਦਿਆਂ ਬੜੀ ਮਿੱਠੀ ਸੁਰ ਵਿਚ ਕਿਹਾ, "ਬਾਲਕੋ! ਮੈਂ ਹਿੰਦੂ ਹਾਂ। ਤੁਹਾਡੇ ਨਾਲ ਮੈਨੂੰ ਹਮਦਰਦੀ ਹੈ। ਜਾਣਦੇ ਓ, ਤੁਹਾਡੇ ਪਿਤਾ ਜੀ ਤੇ ਦੋਵੇਂ ਵੱਡੇ ਭਾਈ ਚਮਕੌਰ ਵਿਚ ਸਾਰੇ ਸਿੱਖਾਂ ਸਮੇਤ ਮਾਰੇ ਗਏ ਹਨ। ਗੁਸਤਾਖ਼ੀ ਕਰੋਗੇ, ਤਾਂ ਤੁਸੀਂ ਵੀ ਮਾਰੇ ਜਾਉਗੇ। ਨਵਾਬ ਸਾਹਿਬ ਬੜੇ ਰਹਿਮ-ਦਿਲ ਹਨ। ਸਲਾਮ ਕਰਕੇ ਹਜ਼ੂਰ ਤੋਂ ਮਾਫ਼ੀ ਮੰਗ ਲਓ, ਬਖ਼ਸ਼ੇ ਜਾਉਗੇ। ਨਹੀਂ ਤਾਂ ਬੜੇ ਤਸੀਹੇ ਦੇ ਕੇ ਮਾਰੇ ਜਾਉਗੇ।"

ਸਾਹਿਬ ਜ਼ੋਰਾਵਰ ਸਿੰਘ ਨੇ ਬੜੀ ਨਿਰਭੈਤਾ ਨਾਲ ਸੁੱਚਾ ਨੰਦ ਵੱਲ ਵੇਖਦਿਆਂ ਕਿਹਾ, "ਸਾਡੇ ਪਿਤਾ ਜੀ ਨੂੰ ਕੋਈ ਮਾਰ ਨਹੀਂ ਸਕਦਾ। ਨਾ ਹੀ ਅਸੀਂ ਕਿਸੇ ਤੋਂ ਡਰਦੇ ਹਾਂ। ਅਸਾਂ ਫ਼ਤਹਿ ਬੁਲਾਈ ਹੈ, ਤੇ ਫ਼ਤਹਿ ਬੁਲਾਉਂਦੇ ਰਹਾਂਗੇ। ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਅਸੀਂ ਨਹੀਂ। ਜੋ ਤੁਹਾਡੇ ਦਿਲ ਆਵੇ, ਕਰ ਲਵੋ।" ਇਸ ਦਲੇਰੀ ਭਰੇ ਉੱਤਰ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਇਕ ਪਾਸੇ ਸਾਹਿਬਜ਼ਾਦਿਆਂ ਨੂੰ ਰੱਜ ਕੇ ਧਮਕਾਇਆ ਗਿਆ, ਤੇ ਦੂਸਰੇ ਪਾਸੇ ਹਰ ਤਰ੍ਹਾਂ ਦੇ ਲਾਲਚ ਵਿਖਾਏ ਗਏ, ਪਰ ਉਹ ਬੀਰ-ਬਾਲਕ ਕਿਸੇ ਝਾਂਸੇ ਵਿਚ ਨਾ ਆਏ। ਅੰਤ ਵਜ਼ੀਰ ਖਾਂ ਨੇ ਕਿਹਾ, "ਬੇ-ਸਮਝ ਬਾਲਕੋ! ਮੇਰੀ ਆਖ਼ਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪਰਵਾਨ ਕਰ ਲਵੋ, ਨਹੀਂ ਤਾਂ ਸਖ਼ਤ ਤਸੀਹੇ ਦੇ ਕੇ ਮਾਰੇ ਜਾਉਗੇ।"

"ਅਸੀਂ ਮੌਤ ਜਾਂ ਦੁੱਖਾਂ ਤਸੀਹਿਆਂ ਤੋਂ ਡਰਨ ਵਾਲੇ ਨਹੀਂ। ਆਪਣੇ ਦਾਦੇ ਵਾਂਗ ਸ਼ਹੀਦ ਹੋ ਜਾਵਾਂਗੇ, ਪਰ ਤੇਰਾ ਦੀਨ ਨਹੀਂ ਮੰਨਾਂਗੇ।" ਸਾਹਿਬਜ਼ਾਦਿਆਂ ਨੇ ਓਵੇਂ ਦਲੇਰੀ ਹੀ ਨਾਲ ਹੀ ਉੱਤਰ ਦਿੱਤਾ।

ਕਚਹਿਰੀ ਵਿਚ ਸ਼ੇਰ ਮੁਹੰਮਦ ਖ਼ਾਂ ਮਲੇਰ ਕੋਟਲੇ ਵਾਲਾ ਵੀ ਬੈਠਾ ਸੀ। ਵਜ਼ੀਰ ਖਾਂ ਨੇ ਉਹਨੂੰ ਸੰਬੋਧਨ ਕਰਕੇ ਕਿਹਾ, "ਖਾਨ ਸਾਹਿਬ! ਚਮਕੌਰ ਵਿਚ ਗੁਰੂ ਨੇ ਤੁਹਾਡੇ ਭਾਈ ਨਾਹਰ ਖ਼ਾਂ ਨੂੰ ਕਤਲ ਕੀਤਾ ਸੀ। ਤੁਸੀਂ ਇਹਨਾਂ ਦੋਹਾਂ ਨੂੰ ਕਤਲ ਕਰਕੇ ਭਰਾ ਦਾ ਬਦਲ ਲੈ ਲਵੋ।"

"ਨਵਾਬ ਸਾਹਿਬ ! ਮੇਰੇ ਭਰਾ-ਭਤੀਜੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ ਹਨ। ਅੱਜ ਵੀ ਗੁਰੂ ਮੇਰੇ ਸਾਹਮਣੇ ਆ ਜਾਏ, ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾਂ ਦੇ ਪਿਤਾ ਦੀ ਕੀਤੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਹ ਬੇਗੁਨਾਹ ਹਨ। ਮੇਰੀ ਰਾਏ ਹੈ ਕਿ ਇਹਨਾਂ ਨੂੰ ਛੱਡ ਦੇਣਾ ਚਾਹੀਦਾ ਹੈ।"

ਸ਼ੇਰ ਮੁਹੰਮਦ ਦੀ ਰਾਏ ਸੁਣ ਕੇ ਕੋਲੋਂ ਸੁੱਚਾ ਨੰਦ ਉਠ ਖਲੋਤਾ। ਉਹਨੇ ਪਹਿਲਾਂ ਵਾਂਗ ਸਾਹਿਬਜ਼ਾਦਿਆਂ ਨਾਲ ਪਿਆਰ ਜਤਾਉਂਦਿਆਂ ਕਿਹਾ, "ਸੁਣਿਆਂ ਬਾਲਕੋ ! ਨਵਾਬ ਸ਼ੇਰ ਮੁਹੰਮਦ ਸਾਹਿਬ ਤੁਹਾਡੇ ਉਤੇ ਰਹਿਮ ਕਰਨ ਦੇ ਹੱਕ ਵਿਚ ਹਨ। ਭਲਾ ਸਰਕਾਰ ਤੁਹਾਨੂੰ ਛੱਡ ਦੇਵੇ, ਤਾਂ ਤੁਸੀਂ ਕੀ ਕਰੋਗੇ?"

"ਅਸੀਂ?" ਸਾਹਿਬ ਜ਼ੋਰਾਵਰ ਸਿੰਘ ਜੀ ਦੇ ਉਤਰ ਦਿੱਤਾ, "ਅਸੀਂ ਜੰਗਲਾਂ ਤੇ ਪਿੰਡਾਂ ਵਿਚ ਜਾ ਕੇ ਆਪਣੇ ਸਿੱਖ ਇਕੱਠੇ ਕਰਾਂਗੇ, ਤੇ ਫ਼ੌਜਾਂ ਬਣਾ ਕੇ ਜ਼ਾਲਮ ਸਰਕਾਰ ਨਾਲ ਲੜਾਂਗੇ।" ਤੇ ਓਦੋਂ ਤੱਕ ਲੜਦੇ ਰਹਾਂਗੇ, ਜਿੰਨਾ ਚਿਰ ਇਹ ਸਰਕਾਰ ਖਤਮ ਨਹੀਂ ਹੋ ਜਾਂਦੀ।" ਦੋਹਾਂ ਸਾਹਿਬਜ਼ਾਦਿਆਂ ਦਾ ਲਗਭਗ ਇਕੋ ਜਵਾਬ ਸੀ।

"ਸੁਣਿਆ ਜਨਾਬ !" ਸੁੱਚਾ ਨੰਦ ਨੇ ਵਜ਼ੀਰ ਖ਼ਾਨ ਵੱਲ ਸੰਬੋਧਤ ਹੋ ਕੇ ਕਿਹਾ, "ਇਹ ਹਨ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ! ਸੱਪਾਂ ਦੇ ਪੁੱਤ ਸੱਪ ਹੀ ਹੁੰਦੇ ਹਨ। ਇਹਨਾਂ ਨੂੰ ਛੱਡ ਦੇਣਾ, ਆਪਣੇ ਆਪ ਵੈਰ ਕਰਨ ਦੇ ਬਰਾਬਰ ਹੈ। ਇਹ ਵੱਡੇ ਹੋ ਕੇ ਆਪਣੇ ਪਿਤਾ ਨਾਲੋਂ ਵੀ ਵੱਧ ਹੋਣਗੇ। ਮੇਰੀ ਰਾਏ ਵਿਚ ਇਹਨਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ

ਸੁੱਚਾ ਨੰਦ ਦੀ ਰਾਏ ਸੁਣ ਕੇ ਮੁਫ਼ਤੀ-ਮੌਲਵੀ ਵੀ ਤੇਜ਼ ਹੋ ਗਏ। ਉਹਨਾਂ ਵੀ ਸਾਹਿਬਜ਼ਾਦਿਆਂ ਨੂੰ ਮਾਰ ਦੇਣ ਦੀ ਰਾਏ ਦਿੱਤੀ। ਵੱਡੇ ਮੁਫ਼ਤੀ ਨੇ ਫ਼ਤਵਾ ਦਿੱਤਾ ਕਿ ਏਹੋ ਜੇਹੇ ਜ਼ਿੱਦੀ ਬਾਲਕਾਂ ਨੂੰ ਜਿਉਂਦਿਆਂ ਨੂੰ ਕੰਧ ਵਿਚ ਚਿਣ ਦੇਣਾ ਚਾਹੀਦਾ ਹੈ।

"ਇਹ ਜ਼ੁਲਮ ਹੈ, ਹੱਦੋਂ ਵੱਧ ਜ਼ੁਲਮ। ਇਹ ਸ਼ਰ੍ਹਾ ਦੇ ਉਲਟ ਹੈ। ਮਾਸੂਮ ਤੇ ਬੇਗੁਨਾਹ ਬੱਚਿਆਂ ਨੂੰ ਮਾਰਨ ਦੀ ਸ਼ਰ੍ਹਾ ਕਦੇ ਇਜਾਜ਼ਤ ਨਹੀਂ ਦੇਂਦੀ। ਮੈਂ ਇਹ ਜ਼ੁਲਮ ਨਹੀਂ ਵੇਖ ਸਕਦਾ।" ਆਹ ਦਾ ਨਾਹਰਾ ਮਾਰ ਕੇ ਸ਼ੇਰ ਮੁਹੰਮਦ ਕਚਹਿਰੀ ਵਿਚੋਂ ਉਠ ਕੇ ਚਲਿਆ ਗਿਆ।


ਸ਼ੇਰ ਮੁਹੰਮਦ ਦੀ ਰਾਏ ਦੀ ਕਿਸੇ ਪਰਵਾਹ ਨਾ ਕੀਤੀ ਗਈ। ਸਾਹਿਬਜ਼ਾਦਿਆਂ ਨੂੰ ਸਜ਼ਾ ਦੇਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਹੀ ਕੰਧ ਉਸਾਰਨ ਦਾ ਪ੍ਰਬੰਧ ਕੀਤਾ ਗਿਆ। ਕੰਧ ਗੋਡਿਆਂ ਤਕ ਆ ਗਈ। ਦੋਵੇਂ ਸੋਹਲ ਬਾਲਕ ਬੇਹੋਸ਼ ਹੋ ਕੇ ਇਕ ਪਾਸੇ ਉਲਰ ਪਏ। ਉਹਨਾਂ ਦੇ ਭਾਰ ਨਾਲ ਉਸ ਪਾਸਿਓਂ ਕੰਧ ਵੀ ਡਿੱਗ ਪਈ। ਸ਼ਾਇਦ ਕੰਧ ਉਸਾਰਨ ਦਾ ਮਤਲਬ ਵੀ ਵਧੇਰੇ ਕਰਕੇ ਸਾਹਿਬਜ਼ਾਦਿਆਂ ਨੂੰ ਡਰਾਉਣਾ ਹੀ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਸਾਹਿਬਜ਼ਾਦੇ ਦਾਦੀ ਜੀ ਕੋਲ ਪਹੁੰਚਾ ਦਿੱਤੇ ਗਏ। ਨਿਸ਼ਾਨਾ ਇਹ ਸੀ ਕਿ ਬੱਚਿਆਂ ਦੀ ਅਜੇਹੀ ਹਾਲਤ ਵੇਖ ਕੇ ਮਾਤਾ ਗੁਜਰੀ ਜੀ ਵੀ ਸਹਿਮ ਜਾਣ। ਬੱਚਿਆਂ ਨੂੰ ਜਦ ਹੋਸ਼ ਆਈ, ਤਾਂ ਉਹਨਾਂ ਨੇ ਕਚਹਿਰੀ ਵਿਚ ਹੋਈ-ਬੀਤੀ ਸਾਰੀ ਵੇਰਵੇ ਨਾਲ ਕਹਿ ਸੁਣਾਈ।

ਅਗਲੇ ਦਿਨ ਏਨਾ ਸੁਨੇਹਾ ਆਇਆ, "ਮਾਤਾ ਜੀ ! ਨਵਾਬ ਸਾਹਿਬ ਵੱਲੋਂ ਆਪ ਜੀ ਨੂੰ ਸੋਚਣ ਵਾਸਤੇ ਇਕ ਦਿਨ ਦੀ ਹੋਰ ਮੁਹਲਤ ਦਿੱਤੀ ਜਾਂਦੀ ਹੈ। ਆਪ ਇਸਲਾਮ ਕਬੂਲ ਕਰਕੇ ਆਪਣੀ ਤੇ ਬੱਚਿਆਂ ਦੀ ਜਾਨ ਬਚਾ ਸਕਦੇ ਹੋ। ਨਹੀਂ ਤਾਂ ਭਲਕੇ ਦੋਵੇਂ ਸਾਹਿਬਜ਼ਾਦੇ ਕਤਲ ਕਰ ਦਿੱਤੇ ਜਾਣਗੇ।"

ਅੱਠ ਪਹਿਰ, ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ ਬੀਤ ਗਏ। ਅਗਲੇ ਦਿਨ ਤੇਰ੍ਹਾਂ ਪੋਹ, ਸੰਮਤ ੧੭੬੧ ਬਿ. ਨੂੰ ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰਨ ਵਾਸਤੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ, ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਿਹ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਵੱਲ ਵੇਖ ਕੇ ਵੀ ਜ਼ਾਲਮਾਂ ਨੂੰ ਤਰਸ ਨਾ ਆਇਆ। ਰਸਮੀ ਤੌਰ 'ਤੇ ਇਕ ਵਾਰ ਫੇਰ ਪੁੱਛਿਆ ਗਿਆ, ਜੇ ਉਹ ਇਸਲਾਮ ਕਬੂਲ ਕਰ ਕੇ ਜਾਨ ਬਚਾਉਣਾ ਚਾਹੁੰਦੇ ਹੋਣ ਤਾਂ। ਪਰ ਗੁਰੂ ਤੇਗ਼ ਬਹਾਦਰ ਦਾ ਖ਼ੂਨ ਮੌਤ ਤੋਂ ਕਿਵੇਂ ਡਰ ਜਾਂਦਾ ! ਦੋਹਾਂ ਦੇ ਕਤਲ ਦਾ ਹੁਕਮ ਜਾਰੀ ਹੋ ਗਿਆ। ਪਰ ਇਹ ਕੰਮ ਕਰੇ ਕੌਣ? ਕੋਈ ਵੀ ਜੱਲਾਦ ਇਸ ਅੱਤ ਦੇ ਜ਼ੁਲਮ ਵਾਸਤੇ ਤਿਆਰ ਨਹੀਂ ਸੀ। ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਕਿਸੇ ਮੁਕੱਦਮੇ ਵਿਚ ਫਸੇ ਹੋਏ ਸਨ। ਉਹਨਾਂ ਉਠ ਕੇ ਅਰਜ਼ ਕੀਤੀ, "ਸਰਕਾਰ ! ਸਾਡਾ ਜੁਰਮ ਮਾਫ਼ ਕਰ ਦਿੱਤਾ ਜਾਵੇ ਤਾਂ ਅਸੀਂ ਇਹ ਕੰਮ ਕਰਨ ਵਾਸਤੇ ਤਿਆਰ ਹਾਂ।" ਉਹਨਾਂ ਦੀ ਇਹ ਬੇਨਤੀ ਮੰਨ ਲਈ ਗਈ। ਜੱਲਾਦਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਤੀ ਉੱਤੇ ਸਿੱਧੇ ਲਿਟਾ ਕੇ ਉਹਨਾਂ ਦੀਆਂ ਛਾਤੀਆਂ 'ਤੇ ਗੋਡੇ ਰੱਖ ਕੇ ਛੁਰੀ ਨਾਲ ਬੱਕਰੇ ਵਾਂਗ ਹਲਾਲ ਕੀਤਾ। ਇਹ ਅਮਾਨਵੀ ਅੱਤਿਆਚਾਰ ਨੂੰ ਵੇਖ ਕੇ ਜ਼ਮੀਨ ਅਸਮਾਨ ਕੰਬ ਉਠੇ। ਇਸ ਸ਼ਹੀਦੀ ਨੇ ਲੋਕ ਮਨਾਂ ਵਿਚ ਅਜਿਹੀ ਅੱਗ ਭੜਕਾ ਦਿੱਤੀ, ਜੋ ਮੁਗ਼ਲ ਰਾਜ ਖ਼ਤਮ ਕਰ ਕੇ ਹੀ ਸ਼ਾਂਤ ਹੋਈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ



ਸਤਿ ਅਤੇ ਸੱਤਾ ਦੋਨੋਂ ਤਾਕਤਾਂ ਸੰਸਾਰ ਦੀ ਖੇਡ ਚਲਾਉਣ ਲਈ ਉਸੇ ਪ੍ਰਮੇਸ਼ਰ ਦੀਆਂ ਬਣਾਈਆਂ ਹੋਈਆਂ ਹਨ। ਆਦਿ ਕਾਲ ਤੋਂ ਇਹ ਦੋਨੋਂ ਤਾਕਤਾਂ ਟਕਰਾਂਦੀਆਂ ਰਹੀਆਂ ਹਨ। ਜਦ ਵੀ ਸਤਿ ਨੇ ਆਵਾਜ਼ ਬੁਲੰਦ ਕੀਤੀ ਸੱਤਾ ਨੇ ਆਪਣੇ ਸ਼ਾਹੀ ਜਲਾਓ ਵਿਚ ਆ ਕੇ ਡੰਡਾ ਵਰਤਿਆ ਹੈ। ਜਦ ਬਾਬਰ ਦੀ ਵੰਸਜ ਦੇ ਉਤਰ-ਅਧਿਕਾਰੀ ਔਰੰਗਜ਼ੇਬ ਨੇ ਤਖਤੇ ਤਾਊਸ ਤੇ ਬੈਠ ਕੇ, ਆਲਮਗੀਰੀ ਬਾਦਸ਼ਾਹਤ ਦੇ ਨਸ਼ੇ ਵਿਚ ਦੀਨ ਮਜ਼ਲੂਮ ਦਾ ਜਿਊਣਾ ਮੁਹਾਲ ਕਰ ਦਿੱਤਾ ਤਾਂ ਪਰਮੇਸ਼ਰ ਦੇ ਹੁਕਮ ਅੰਦਰ ਅਕਾਲ ਤਖ਼ਤ ਦੇ ਉਤਰ-ਅਧਿਕਾਰੀ ਮੈਦਾਨ ਵਿਚ ਨਿਤਰੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਰਿ-ਬਾਜ਼ਾਰ ਸ਼ਹੀਦ ਕਰ ਕੇ ਵੀ ਜਦ ਸੱਤਾ ਨਾ ਲਰਜ਼ਾਈ ਤਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਚੁਕਣੀ ਪਈ। ਆਨੰਦਪੁਰ ਦੇ ਆਨੰਦੀ ਖੇੜਿਆਂ ਵਿਚ ਵਿਚਰ ਕੇ ਬਾਦਸ਼ਾਹ ਦਰਵੇਸ਼ ਜੀ ਸੰਸਾਰਕ ਅਤੇ ਪਰਮਾਥਕ ਆਨੰਦ ਮਾਣਦੇ ਹੋਇਆਂ ਜਿੱਥੇ ਇਕ ਪਾਸੇ ਅਗੰਮੀ ਬਖਸ਼ਿਸ਼ਾਂ ਨਾਲ ਦੁਨੀਆਂ ਨੂੰ ਮਾਲਾ ਮਾਲ ਕਰ ਰਹੇ ਸੀ ਉਥੇ ਆਪ ਪਰਵਾਰਕ ਜੀਵਨ ਵਿਚ ਵੀ ਰਸ ਭਰ ਰਹੇ ਸੀ। ਇਸੇ ਰਸਮਈ ਜੀਵਨ ਵਿਚੋਂ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ।

ਸਮੇਂ ਦੀ ਚਾਲ ਨਾਲ ਅਨੰਦਪੁਰ ਦੇ ਖੇੜੇ ਵਧਦੇ ਗਏ, ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਕਵੀ ਦਰਬਾਰ ਸਜੇ, ਰਣਜੀਤ ਨਗਾਰੇ ਵਜੇ, ਬੀਰ ਰਸੀ ਕੌਤਕ ਵਰਤਾਏ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਪਰ ਸੱਤਾ ਦੇ ਮਾਲਕ ਪਹਾੜੀ ਰਾਜੇ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸੀ? ਆਖੀਰ ਛੁਟ ਪੁਟ ਝੜੱਪਾਂ ਪਿਛੋਂ ਬਾਈਧਾਰ ਦੇ ਰਾਜਿਆਂ ਨੇ ਇਕ ਮੁਠ ਹੋ ਕੇ ਮੁਹਾਜ਼ ਬਣਾਇਆ ਅਤੇ ਗੁਰੂ ਸਾਹਿਬ ਨਾਲ ਆ ਮੱਥਾ ਲਾਇਆ। ਜਦ ਆਪਸੀ ਕੋਈ ਪੇਸ਼ ਨਾ ਚਲੀ ਤਾਂ ਬਾਬਰ ਕਿਆਂ ਨੂੰ ਨਾਲ ਲੈ ਆਏ ਅਤੇ ਆਨੰਦਪੁਰ ਨੂੰ ਘੇਰਾ ਪਾ ਲਿਆ। ਲੰਮੇ ਘੇਰੇ ਪਿਛੋਂ ਜਦ ਕੋਈ ਸਿੱਟਾ ਨਾ ਨਿਕਲਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
**98141-28181**


ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇ ਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।

ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ

ਜੌਹਰ ਵੀ ਦਿਖਾ ਰਹੇ ਸਨ। ਮਲੇਰਕੋਟਲੇ ਦੇ ਨਵਾਬ ਦਾ ਭਾਈ, ਨਾਹਰ ਖਾਂ ਜਦ ਲਲਕਾਰੇ ਮਾਰਦਾ ਅੱਗੇ ਵਧਦਾ ਗੁਰੂ ਸਾਹਿਬ ਦੇ ਸਾਹਮਣੇ ਆਇਆ, ਗੁਰੂ ਸਾਹਿਬ ਦਾ ਸ਼ਕਤੀਸ਼ਾਲੀ ਤੀਰ ਨਾਗ ਵਾਂਗ ਸ਼ੂਕਦਾ ਨਾਹਰ ਖਾਂ ਦੀ ਲੋਹੇ ਦੀ ਸੰਜੋਅ ਚੀਰ ਕੇ ਆਰ ਪਾਰ ਹੋ ਗਿਆ ਅਤੇ ਨਵਾਬ ਉਥੇ ਹੀ ਢੇਰ ਹੋ ਗਿਆ। ਆਪਣੇ ਭਰਾ ਦੀ ਇਹ ਹਾਲਤ ਦੇਖ ਕੇ ਨਵਾਬ ਸ਼ੇਰ ਖਾਂ ਦਾ, ਗੁਰੂ ਸਾਹਿਬ ਦੇ ਸਾਹਮਣੇ ਹੋਣ ਦਾ ਹੌਂਸਲਾ ਹੀ ਨਾ ਪਿਆ ਅਤੇ ਗੜ੍ਹੀ ਦੀ ਦੀਵਾਰ ਨਾਲ ਲਿਪਟਿਆ ਰਿਹਾ। ਇਸ ਪਿੱਛੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜ੍ਹੇ ਗਏ ਅਤੇ ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

ਸ਼ਹੀਦੀਆਂ ਦੀ ਮਹਾਨਤਾ ਦੇਖ ਕੇ ਹਕੀਮ ਅੱਲਾ ਯਾਰ ਖਾਂ ਜੋਗੀ ਜੀ ਨੂੰ ਕਹਿਣਾ ਪਿਆ।

**ਬਸ ਏਕ ਹਿੰਦ ਮੇ ਤੀਰਥ ਹੈ ਯਾਤਰਾ ਕੇ ਲੀਏ।**
**ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।**

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਪਿਤਾ ਤੁਹਾਡੇ ਸ਼ਹੀਦ ਹੋ ਗਏ ਹਨ, ਤੁਹਾਡਾ



ਕੋਈ ਆਸਰਾ ਨਹੀਂ ਰਿਹਾ। ਇਸ ਲਈ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ। ਬੱਚਿਆਂ ਦੇ ਨਿਰਭੈਤਾ ਵਾਲੇ ਉੱਤਰ, ਨਿੱਕੀਆਂ ਜਿੰਦਾਂ ਦੀ ਕੋਮਲਤਾ ਅਤੇ ਬੇਗ਼ਮ ਜ਼ੈਨਾ ਦੇ ਤਰਲਿਆਂ ਨਾਲ ਨਵਾਬ ਤਾਂ ਪਸੀਜ ਗਿਆ ਪਰ ਸੁੱਚਾ ਨੰਦ (ਖਾਲਸੇ ਦਾ ਝੂਠਾ ਨੰਦ) ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ।

ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ?

ਆਖ਼ੀਰ ਕੱਟੜਪੰਥੀ ਮੌਲਾਣੇ ਅਤੇ ਚਾਪਲੂਸ, ਬੇਧਰਮੀ ਦਰਬਾਰੀਆਂ ਦੇ ਕਹਿਣ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਮਾਸੂਮ ਨਿਰਦੋਸ਼ ਬੱਚਿਆਂ ਦੀ ਸ਼ਹੀਦੀ ਨਾਲ ਕੁੱਲ ਅੰਬਰ ਹਿੱਲ ਗਿਆ ਅਤੇ ਸਾਰਾ ਖਾਲਸਾ ਪੰਥ ਧੁਰ ਅੰਦਰੋਂ ਝੰਝੋੜਿਆਂ ਗਿਆ ਅਤੇ ਇਕੋ ਇਕ ਟੀਚਾ ਰਹਿ ਗਿਆ ਜ਼ੁਲਮ ਅਤੇ ਜ਼ੁਲਮ ਦਾ ਨਾਸ਼ ਕਰਨਾ।

ਦਸ਼ਮੇਸ਼ ਪਿਤਾ ਨੇ ਭੀ ਬਹਾਦਰ ਸ਼ਾਹ ਨਾਲ ਜੋ ਸ਼ਰਤਾਂ ਸੁਲਾਹ ਦੀਆਂ ਰੱਖੀਆਂ ਉਨ੍ਹਾਂ ਵਿਚ ਜ਼ਾਲਮਾਂ ਨੂੰ ਹਵਾਲੇ ਕਰਨ ਦੀ ਇਕ ਸ਼ਰਤ ਸੀ। ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕਰਨ ਲਈ ਹੀ ਨੰਦੇੜ ਤੋਂ ਬੰਦੇ ਬਹਾਦਰ ਨੂੰ

ਹਦਾਇਤ ਕਰਕੇ ਭੇਜਿਆ ਸੀ। ਜੋ ਬਾਬਾ ਜੀ ਨੇ ਗੁਰੂ ਹੁਕਮਾਂ ਨੂੰ ਤਨਦੇਹੀ ਨਾਲ ਨਿਭਾਇਆ। ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਗੁਰੂ ਮਾਰੀ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਬਾਬਾ ਜੀ ਦੇ ਸ਼ਹੀਦ ਹੋਣ ਪਿਛੋਂ ਮੁੜ ਸਰਹਿੰਦ ਮੁਗ਼ਲਾਂ ਕੋਲ ਆ ਗਿਆ। ਫਿਰ ਦਲ ਖਾਲਸੇ ਵੇਲੇ ਜਦ ਭੀ ਸਿੰਘ ਸਰਹਿੰਦ ਕੋਲੋਂ ਲੰਘਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਆ ਜਾਂਦੀ। ਸਿੰਘਾਂ ਦੇ ਜੋਸ਼ ਨਾਲ ਰੋਂਗਟੇ ਖੜ੍ਹੇ ਹੋ ਜਾਂਦੇ, ਇਸ ਸ਼ਹਿਰ ਨੂੰ ਲੁੱਟਦੇ ਤੇ ਕੁਟਦੇ। ਅੰਤ ਮਈ 1775 ਵਿਚ ਮਿਸਲਾਂ ਵੇਲੇ ਖਾਲਸਾ ਦਲ ਨੇ ਸਰਹਿੰਦ ਨੂੰ ਪੂਰਨ ਤੌਰ ’ਤੇ ਫਤਹਿ ਕੀਤਾ।

ਸਿੱਖ ਸਰਦਾਰਾਂ ਨੇ ਸ਼ਾਹੀ ਕਿਲ੍ਹਾ ਢਾਹ ਕੇ ਆਪਣੀ ਹੱਥੀਂ ਗਧਿਆਂ ਨਾਲ ਹਲ ਚਲਾਇਆ ਅਤੇ ਸਾਰੇ ਸ਼ਹਿਰ ਨੂੰ ਢਹਿ ਢੇਰੀ ਕਰਕੇ ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕੀਤਾ। ਪਰ ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ ਉਹ ਸਾਰਾ ਮਹੱਲਾ ਮਹਿਫ਼ੂਜ਼ ਰਿਹਾ।

ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗ਼ਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗ਼ਲ ਹਕੂਮਤ ਦੇ ਪੈਰ ਉਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ। ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਸਾਹਿਬਜ਼ਾਦਿਆਂ ਦੀ ਸ਼ਹਾਦਤ



ਅਨੰਦਪੁਰ ਸਾਹਿਬ ਵਿਚ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਵਰਗੇ ਚਾਰ ਅਮੋਲਕ ਹੀਰੇ ਸੰਸਾਰ ਨੂੰ ਮਿਲੇ। ਅਨੰਦਪੁਰ ਸਾਹਿਬ ਵਿਚ ਗੁਰਬਾਣੀ ਅਤੇ ਕੀਰਤਨ ਦੀਆਂ ਧੁਨੀਆਂ ਉੱਠੀਆਂ, ਰਣਜੀਤ ਨਗਾਰੇ ਵਜੇ, ਸੰਗਤਾਂ ਨਾਲ ਅਨੰਦਪੁਰ ਦੀਆਂ ਰੌਣਕਾਂ ਵਧੀਆਂ ਅਤੇ ਨਾਲ ਹੀ ਚਾਰੇ ਸਾਹਿਬਜ਼ਾਦੇ ਸੰਸਾਰਕ ਅਤੇ ਪਰਮਾਰਥਕ ਵਿੱਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਦੇ ਰਹੇ। ਛੋਟੇ ਸਾਹਿਬਜ਼ਾਦਿਆਂ ਨੇ ਪੂਰਾ ਬਚਪਨ ਵੀ ਨਹੀਂ ਹੰਢਾਇਆ ਸੀ, ਬਾਬਾ ਫਤਿਹ ਸਿੰਘ ਅਜੇ ਕੇਵਲ 7 ਸਾਲ, ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਜੁਝਾਰ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਜੁਆਨੀ ਦੀ ਦਹਿਲੀਜ਼ ਚੁੰਮਣ ਲੱਗੇ ਸਨ ਕਿ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਹਾਕਮਾਂ ਦੀਆਂ ਝੂਠੀਆਂ ਕਸਮਾਂ ਤੇ ਵਿਸ਼ਵਾਸ ਕਰ ਕੇ ਆਨੰਦਪੁਰ ਛੱਡਣਾ ਪੈ ਗਿਆ।

ਸਰਦੀ ਦੀ ਰੁੱਤ, ਪਿੱਛੇ ਝੂਠੇ ਅਤੇ ਬੇਈਮਾਨ ਪਹਾੜੀ ਹਿੰਦੂ ਰਾਜਿਆਂ ਅਤੇ ਮੁਗ਼ਲ ਸੈਨਾ ਦਾ ਲਸ਼ਕਰ ਅੱਗੇ ਸਰਸਾ ਨਦੀ ਦਾ ਹੜ੍ਹ, ਬੇਤਹਾਸ਼ਾ ਜਾਨੀ ਮਾਲੀ ਨੁਕਸਾਨ ਉਠਾ ਕੇ 20 ਦਸੰਬਰ ਦੀ ਕਾਲੀ ਬੋਲ਼ੀ ਰਾਤ ਨੂੰ ਦਸ਼ਮੇਸ਼ ਜੀ ਆਪਣੇ ਜਥੇ ਨਾਲ ਸਰਸਾ ਪਾਰ ਕਰ ਗਏ ਅਤੇ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਸਿੰਘਾਂ ਨੇ ਵੈਰੀ ਦਲ ਨੂੰ ਵੱਧਣੋਂ ਰੋਕੀ ਰੱਖਿਆ। ਪਹਿਲੀ ਬਣਾਈ ਯੋਜਨਾ ਅਨੁਸਾਰ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਤੁਰ ਪਏ। ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਸ਼ਮੇਸ਼ ਜੀ ਸੰਗ ਸਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**





ਪਰਮੇਸ਼ਰ ਦੇ ਹੁਕਮ ਅੰਦਰ ਉਹ ਸਮਾਂ ਆਇਆ ਜਦ ਪਰਿਵਾਰ ਵਿਛੋੜੇ ਦੇ ਅਸਥਾਨ ਤੇ ਦੋਨੋਂ ਵੱਡੇ ਸਾਹਿਬਜ਼ਾਦੇ ਕਲਗੀਧਰ ਨਾਲ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ, ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਜੁਦਾ ਹੋ ਗਏ।

**ਚਮਕੌਰ ਦੀ ਜੰਗ** - ਗੁਰੂ ਸਾਹਿਬ ਕੋਲ ਸਾਹਿਬਜ਼ਾਦਿਆਂ ਤੋਂ ਇਲਾਵਾ ਕੇਵਲ ਚਾਲੀ ਸਿੰਘ, ਦੂਸਰੇ ਪਾਸੇ ਦਸ ਲਖ ਦੇ ਕਰੀਬ ਫੌਜ ਸੀ। ਰਾਤ ਦੇ ਵਿਸ਼ਰਾਮ ਪਿਛੋਂ ਦਿਨ ਚੜ੍ਹਦੇ ਲੜਾਈ ਸ਼ੁਰੂ ਹੋਈ, ਵੈਰੀ, ਟਿੱਡੀ ਦਲ ਵਾਂਗ ਉਮੜ ਕੇ ਗੜ੍ਹੀ ਵੱਲ ਆਇਆ। ਪਰ ਜਿਸ ਨੇ ਵੀ ਦੀਵਾਰ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਖਾਲਸੇ ਦੀ ਤੇਗ਼ ਨਾਲ ਲਿਪਟ ਕੇ ਸਦਾ ਦੀ ਨੀਂਦ ਸੌਂ ਗਿਆ। ਉੱਚੇ ਅਸਥਾਨ ਤੇ ਬੈਠ ਗੁਰੂ ਸਾਹਿਬ ਲੜਾਈ ਦਾ ਪੂਰਾ ਜਾਇਜ਼ਾ ਲੈ ਰਹੇ ਸਨ। ਨਾਲ ਹੀ ਆਪਣੀ ਤੀਰ ਅੰਦਾਜ਼ੀ ਦਾ ਜੌਹਰ ਵੀ ਦਿਖਾ ਰਹੇ ਸਨ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਮੈਦਾਨਿ ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ ਗੁਰੂ ਪਿਤਾ ਨੇ ਛਾਤੀ ਨਾਲ ਲਾਇਆ ਮੱਥਾ ਚੁੰਮਿਆ ਅਤੇ ਆਪ ਹੱਥੀਂ ਸ਼ਸਤਰ ਸਜਾ ਕੇ ਗੜ੍ਹੀ ਤੋਂ ਬਾਹਰ ਪੰਜ ਸਿੰਘਾਂ ਸਮੇਤ ਤੋਰਿਆ।

ਬਾਬਾ ਅਜੀਤ ਸਿੰਘ ਜੀ ਬਿਜਲੀ ਦੀ ਫੁਰਤੀ ਨਾਲ ਗੜ੍ਹੀ ਤੋਂ ਬਾਹਰ ਆਏ। ਬਾਬਾ ਜੀ ਨੇ ਪਹਿਲਾਂ ਬੰਦੂਕ ਨਾਲ ਵੈਰੀ ਨੂੰ ਫੁੰਡਿਆ ਫਿਰ ਉਹ ਤੇਗ਼ ਚਲਾਈ ਕਿ ਦੁਸ਼ਮਣ ਵੀ ਮੂੰਹ ਵਿਚ ਉਂਗਲਾਂ ਪਾਉਣ ਤੇ ਮਜ਼ਬੂਰ ਹੋ ਗਿਆ। ਤਲਵਾਰ ਟੁੱਟ ਜਾਣ ਤੇ ਫਿਰ ਨੇਜ਼ਾ ਲੈ ਕੇ ਜਿਧਰ ਗਏ ਵੈਰੀ ਦੇ ਸੱਥਰ ਵਿਛਾ ਦਿੱਤੇ। ਆਖੀਰ ਨੂੰ ਸਾਥੀ ਸਿੰਘਾਂ ਦੇ ਸ਼ਹੀਦ ਹੋਣ ਤੇ ਇਕੱਲੇ ਵੈਰੀ ਦਲ ਵਿਚ ਘਿਰ ਗਏ ਅਤੇ ਪਿਛੋਂ ਕਿਸੇ ਨੇ ਬਰਛੇ ਦਾ ਵਾਰ ਕੀਤਾ ਅਤੇ ਬਾਬਾ ਜੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਗੜ੍ਹੀ ਦੇ ਚੁਬਾਰੇ ਤੇ ਸਭ ਕੁਛ ਅੱਖੀਂ ਦੇਖ ਰਹੇ ਸੀ। ਆਪਣੇ ਬੇਟੇ ਦੀ ਬਹਾਦਰੀ ਦੇਖ ਕੇ ਮਨ ਵਿਚ ਪਰਸੰਨ ਹੋ ਰਹੇ ਸਨ ਅਤੇ ਪਵਿੱਤਰ ਮੁਖਾਰਬਿੰਦ ਤੋਂ ਅਕਾਲ ਪੁਰਖ ਦਾ ਸ਼ੁਕਰ ਕਰ ਰਹੇ ਸਨ।

ਵੱਡੇ ਵੀਰ ਨੂੰ ਸ਼ਹੀਦ ਹੋਇਆ ਦੇਖ, ਬਾਬਾ ਜੁਝਾਰ ਸਿੰਘ ਵੈਰਾਗ ਅਤੇ ਜੋਸ਼ ਵਿਚ ਨਿਮਰਤਾ ਨਾਲ ਹੱਥ ਜੋੜ ਪਿਤਾ ਦੇ ਸਾਹਮਣੇ ਖੜ੍ਹੇ ਗਏ ਅਤੇ



ਹੁਕਮ ਦੀ ਉਡੀਕ ਕਰਨ ਲੱਗੇ। ਗੁਰੂ ਪਿਤਾ ਨੇ ਸਾਹਿਬਜ਼ਾਦੇ ਨੂੰ ਆਸ਼ੀਰਵਾਦ ਦੇ ਕੇ ਤੋਰਿਆ ਅਤੇ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਿਆ।

**ਸਾਕਾ ਸਰਹੰਦ** - ਦੂਸਰੇ ਪਾਸੇ ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਨਮਕ ਹਰਾਮ ਗੰਗੂ ਬ੍ਰਾਹਮਣ ਦੀ ਬੇਈਮਾਨੀ ਦਾ ਸਦਕਾ ਮੁਰਿੰਡੇ ਦੇ ਥਾਣੇਦਾਰ ਰਾਹੀਂ ਸਰਹਿੰਦ ਪਹੁੰਚ ਗਏ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਦੇ ਹੁਕਮ ਅਨੁਸਾਰ, ਇਕ ਰਾਤ, ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਰੱਖ ਕੇ ਅਗਲੇ ਦਿਨ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ।

ਸਾਹਿਬਜ਼ਾਦਿਆਂ ਨੇ ਗੱਜ ਕੇ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ"। ਬੱਚਿਆਂ ਦੀ ਨਿਰਭੈਤਾ ਦੇਖ ਕੇ ਨਵਾਬ ਤੇ ਦਰਬਾਰੀਆਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਫਿਰ ਸਮਝਾਣਾ ਸ਼ੁਰੂ ਕੀਤਾ ਕਿ ਇਸਲਾਮ ਕਬੂਲ ਕਰੋ ਅਤੇ ਦੁਨੀਆਂ ਦੇ ਸਾਰੇ ਸੁਖ ਮਾਣੋ। ਸਾਹਿਬਜ਼ਾਦਿਆਂ ਦੇ ਇਨਕਾਰ ਕਰਨ ਤੇ ਇਕ ਦਿਨ ਦੀ ਮੁਹਲਤ ਸੋਚਣ ਲਈ ਦਿੱਤੀ ਗਈ ਅਤੇ ਅਗਲੇ ਦਿਨ ਫਿਰ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਉਹੀ ਪ੍ਰਸ਼ਨ ਕੀਤਾ ਗਿਆ ਅਤੇ ਸਾਹਿਬਜ਼ਾਦਿਆਂ ਨੇ ਫਿਰ ਇਨਕਾਰ ਕਰ ਦਿੱਤਾ। ਕਚਹਿਰੀ ਲੱਗੀ ਹੋਈ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਖਾਂ ਆ ਗਿਆ। ਵਜ਼ੀਰ ਖਾਂ ਕਹਿਣ ਲੱਗਾ ਕਿ ਮੈਂ ਹਕੂਮਤ ਦੇ ਬਾਗ਼ੀ ਦੇ ਪੁੱਤਰਾਂ ਨੂੰ ਤੇਰੇ ਹਵਾਲੇ ਕਰਦਾ ਹਾਂ ਤੇਰਾ ਭਰਾ ਨਾਹਰ ਖਾਂ ਗੁਰੂ ਦੇ ਹੱਥੋਂ ਮਾਰਿਆ ਗਿਆ ਸੀ ਤੂੰ ਉਸਦਾ ਬਦਲਾ ਲੈ ਲੈ। ਪਰ ਉਸ ਰੱਬੀ ਭੈ ਵਾਲੇ ਪਠਾਨ ਨੇ ਉੱਤਰ ਦਿੱਤਾ ਕਿ ਅਸੀਂ ਪਠਾਨ ਹਾਂ ਜੇ ਹਿੰਮਤ ਹੋਈ ਅਤੇ ਅਵਸਰ ਲੱਗਾ ਗੁਰੂ ਨਾਲ ਮੈਦਾਨੇ ਜੰਗ ਵਿਚ ਨਜਿੱਠਾਂਗੇ। ਮੈਂ ਇਹ ਕੁਕਰਮ ਨਹੀਂ ਕਰ ਸਕਦਾ ਅਤੇ ਇਹ ਕਿਹੜਾ ਧਰਮ ਹੈ ਅਤੇ ਕਿਹੜਾ ਕਾਨੂੰਨ ਹੈ ਜੋ ਆਖਦਾ ਹੈ ਕਿ ਬਾਪ ਦਾ ਬਦਲਾ ਮਾਸੂਮ ਬੱਚਿਆਂ ਤੋਂ ਲਿਆ ਜਾਵੇ? ਪਰ ਸੁੱਚਾ ਨੰਦ ਦੇ ਉਕਸਾਉਣ ਤੇ ਕਿ ਹਜ਼ੂਰ ਸੱਪ ਦੇ ਬੱਚੇ ਸਪੋਲੀਏ ਹੀ ਹੁੰਦੇ ਹਨ ਇਨ੍ਹਾਂ ਤੇ ਤਰਸ ਨ ਕਰੋ ਵੱਡੇ ਹੋ ਕੇ ਤੰਗ ਕਰਨਗੇ। ਨਵਾਬ ਫਿਰ ਸ਼ਾਹੀ ਜਲਾਓ ਵਿਚ ਆ ਗਿਆ ਅਤੇ ਮਾਸੂਮ ਬੱਚਿਆਂ ਤੇ ਹਕੂਮਤ ਦੇ ਬਾਗ਼ੀ ਹੋਣ ਦਾ ਇਲਜ਼ਾਮ ਲਗਾ ਕੇ ਕਤਲ ਦਾ ਫੈਸਲਾ ਕੀਤਾ।

ਕਾਜੀ ਨੇ ਨਵਾਬ ਦੇ ਕਹਿਣ ਤੇ ਮਾਸੂਮ ਨਿਰਦੋਸ਼ ਬੱਚਿਆਂ ਨੂੰ ਨੀਂਹਾਂ ਵਿਚ ਜਿੰਦਾ ਚਿਣਨ ਦਾ ਹੁਕਮ ਸੁਣਾ ਦਿੱਤਾ। ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਜੀ ਨੇ ਵੀ ਇਹ ਖ਼ਬਰ ਸੁਣ ਕੇ ਸਰੀਰ ਤਿਆਗ ਦਿੱਤਾ। ਦੀਵਾਨ ਟੋਡਰ ਮਲ, ਜਿਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਭਾਰੀ ਰਕਮ ਦੇ ਕੇ ਸਸਕਾਰ ਕੀਤਾ।

ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਪਿਛੋਂ ਮਈ 1710 ਈ. ਨੂੰ ਸਰਹਿੰਦ ਨੂੰ ਫਤਹਿ ਕੀਤਾ। ਵਜ਼ੀਰ ਖਾਂ, ਸੁੱਚਾ ਨੰਦ ਅਤੇ ਹੋਰ ਜ਼ਾਲਮ ਦਰਬਾਰੀਆਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਮਿਲਿਆ।

ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

● ● ●

**ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ, ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।**

# ਸੁਖ ਮੈ ਬਹੁਸੰਗੀ ਭਏ ਦੁਖ ਮੈਹਿ ਸੰਗਿ ਨ ਕੋਇ॥

**ਸੁਖ ਮੈ ਬਹੁਸੰਗੀ ਭਏ ਦੁਖ ਮੈਹਿ ਸੰਗਿ ਨ ਕੋਇ॥**

**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥** (ਅੰਗ - 1428)

ਹੇ ਨਾਨਕ ! ਆਖ – ਹੇ ਮਨ ! ਪ੍ਰਮਾਤਮਾ ਦਾ ਭਜਨ ਕਰਿਆ ਕਰ ਅੰਤ ਸਮੇਂ ਮਦਦਗਾਰ ਬਣਦਾ ਹੈ। (ਦੁਨੀਆਂ ਵਿਚ ਤਾਂ) ਸੁਖ ਵੇਲੇ ਅਨੇਕਾਂ ਮੇਲੀ–ਗੇਲੀ ਬਣ ਜਾਂਦੇ ਹਨ, ਪਰ ਦੁਖ ਵਿਚ ਕੋਈ ਭੀ ਨਾਲ ਨਹੀਂ ਹੁੰਦਾ।

ਭਗਤ ਕਬੀਰ ਜੀ ਦਾ ਫੁਰਮਾਨ ਹੈ –

**ਵੈਦੋ ਨ ਵਾਈ, ਭੈਣੋ ਨ ਭਾਈ,**

**ਏਕੋ ਸਹਾਈ ਰਾਮ ਹੇ॥** (ਅੰਗ - 1009)

ਇਕ ਮਨ ਚਿੱਤ ਹੋ ਕੇ ਪਾਠ ਕਰਦੇ ਸਮੇਂ ਇਸ ਗਿਆਨ ਦਾ ਅਹਿਸਾਸ ਹੁੰਦਾ ਹੈ ਕਿ ਰਿਸ਼ਤੇਦਾਰ, ਭੈਣ–ਭਰਾ ਸਾਰੇ ਹੀ ਸੁਆਰਥੀ ਭਾਵਨਾ ਵਾਲੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ –

**ਕੋਇ ਨ ਕਿਸਹੀ ਸੰਗਿ, ਕਾਹੇ ਗਰਬੀਐ॥**

**ਏਕ ਨਾਮ ਅਧਾਰੁ ਭਉਜਲ ਨਰਬੀਐ॥** (ਪੰਨਾ - 398)

ਮੌਤ ਸਮੇਂ ਸਾਥ ਦੇਣਾ ਤਾਂ ਕਿਤੇ ਰਿਹਾ, ਜੀਵਨ ਕਾਲ ਵਿਚ ਬਿਪਤਾ ਸਮੇਂ ਵੀ ਕੋਈ ਸਬੰਧੀ ਨੇੜੇ ਨਹੀਂ ਢੁਕਦਾ, ਸਭ ਸਾਥ ਛੱਡ ਭੱਜ ਜਾਂਦੇ ਹਨ।




ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)


**ਮਾਤ ਪਿਤਾ ਬਨਿਤਾ ਸੁਤ ਬੰਧਪ,**

**ਇਸਟ ਮੀਤ ਅਰੁ ਭਾਈ॥**

**ਪੂਰਬ ਜਨਮੁ ਕੇ ਮਿਲੇ ਸੰਜੋਗੀ,**

**ਅੰਤਹਿ ਕੋ ਨ ਸਹਾਈ॥** (ਅੰਗ - 700)

ਪੂਰਬਲੇ ਕਰਮਾਂ ਅਨੁਸਾਰ ਹੀ ਮਾਤ ਲੋਕ ਵਿਚ ਮਾਤ–ਪਿਤਾ, ਭੈਣ–ਭਾਈ ਆਦਿਕ ਰਿਸ਼ਤੇ ਜੁੜਦੇ ਹਨ ਜੋ ਸੰਦੀਵੀ ਨਹੀਂ ਹਨ।

ਦੁਨਿਆਵੀ ਦੋਸਤਾਂ–ਮਿੱਤਰਾਂ ਦਾ ਇਹ ਵਤੀਰਾ ਹੈ ਕਿ ਜਦ ਤੱਕ ਤੁਹਾਡੇ ਪਾਸ ਧੰਨ ਦੌਲਤ ਹੈ ਤਾਂ ਤੁਸੀਂ ਉਹਨਾਂ ਨੂੰ ਖਿਲਾਉਂਦੇ ਪਿਲਾਉਂਦੇ ਹੋ ਤਦ ਤੱਕ ਉਹ ਤੁਹਾਡੇ ਹਨ। ਜਦੋਂ ਬੰਦ ਕਰ ਦੇਵੋਗੇ ਤਾਂ ਉਹ ਹੀ ਤੁਹਾਨੂੰ ਗਾਲਾਂ ਕੱਢਣ ਤੱਕ ਜਾਣਗੇ। ਪੰਨਾ 959 ਤੇ ਗੁਰਬਾਣੀ ਚਾਨਣ ਪਾ ਰਹੀ ਹੈ।

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥**

**ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ॥**

**ਜਿਚਰੁ ਪੈਨਨਿ ਖਾਵਨੇ, ਤਿਚਰ ਰਖਨਿ ਗੰਢੁ॥**

**ਜਿਤ ਦਿਨ ਕਿਛੁ ਨ ਹੋਵਈ,**

**ਤਿਤ ਦਿਨਿ ਬੋਲਨਿ ਗੰਧੁ॥**

ਮਨੁੱਖ ਜਿਨ੍ਹਾਂ ਨਾਲ ਖਾਣ–ਪੀਣ, ਉਠਣ–ਬੈਠਣ, ਦੁਖ–ਸੁਖ ਦੀ ਪੱਕੀ ਸਾਂਝ ਪਾਈ ਬੈਠਾ ਹੈ, ਜਦੋਂ ਬਿਪਤਾ ਪੈਂਦੀ ਹੈ ਤਾਂ ਸਾਰੇ ਸਾਥ ਛੱਡ ਜਾਂਦੇ ਹਨ।

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ,**

**ਰਹਤ ਚਹੂ ਦਿਸਿ ਘੇਰੈ॥**

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ,**

**ਕੋਊ ਨ ਆਵਤ ਨੇਰੈ॥** (ਅੰਗ - 634)

ਭਗਤ ਕਬੀਰ ਜੀ ਇਉ ਆਖ ਕੇ ਵੀ ਸ਼ਰਮਿੰਦਾ ਕਰਦੇ ਹਨ।

**ਲਾਜ ਨ ਮਰਹੁ ਕਹਹੁ ਘਰੁ ਮੇਰਾ॥**

**ਅੰਤ ਕੀ ਬਾਰ ਨਹੀਂ ਕਛੁ ਤੇਰਾ॥** (ਪੰਨਾ - 324)

ਜਿਹਨਾਂ ਨੂੰ ਤੂੰ ਆਪਣਾ ਸਮਝੀ ਬੈਠਾ ਹੈ ਉਹ ਮਰਨ ਸਮੇਂ ਤੇਰੇ ਨਾਲ ਨਹੀਂ ਜਾਣਗੇ।ਗੁਰਦੇਵ ਪਿਤਾ ਜੀ ਬੜੇ ਪਿਆਰ ਨਾਲ ਸਮਝਾਉਂਦੇ ਹਨ–

**ਰੇ ਮਨ ਤੇਰੋ ਕੋਇ ਨਹੀ, ਖਿੰਚਿ ਲੇਇ ਜਿਨਿ ਭਾਰੁ॥**

**ਬਿਰਖ ਬਸੇਰੋ ਪੰਖਿ ਕੋ, ਤੈਸੋ ਇਹੁ ਸੰਸਾਰ॥** (ਪੰਨਾ - 337)

ਅਤੇ

**ਤਾਜੀ ਤੁਰਕੀ ਸੁਇ ਨਾ ਰੁਪਾ, ਕਪੜ ਕੇਰੇ ਭਾਰਾ॥**

**ਕਿਸ ਹੀ ਨਾਲਿ ਨ ਚਲੈ ਨਾਨਕ,**

**ਝੜਿ ਝੜਿ ਪਏ ਗਵਾਰਾ॥** (ਪੰਨਾ - 155)

ਨਵੀਆਂ–ਨਵੀਆਂ ਤਕਨੀਕਾਂ ਨਾਲ ਦੁਨੀਆਂ ਇਕ ਦੂਜੇ ਦੇ ਨੇੜੇ ਹੋ ਗਈ ਹੈ।ਹਰ ਸਮੇਂ ਟੈਲੀਫ਼ੋਨ 'ਤੇ ਵਾਰਤਾਲਾਪ ਚਲਦੀ ਰਹਿੰਦੀ ਹੈ।ਜੇਕਰ ਕਿਸੇ ਵਿਅਕਤੀ ਪਾਸ ਕੋਈ ਅਹੁਦਾ ਹੈ ਤਾਂ ਉਸ ਨਾਲ ਬਹੁਤ ਨੇੜਤਾ ਜਾਗ ਪੈਂਦੀ ਹੈ।ਪਰ ਜਦੋਂ ਉਹ ਵਿਅਕਤੀ ਕਿਸੇ ਬਿਪਤਾ ਵਿਚ ਫਸਦਾ ਹੈ ਤਾਂ ਸਭ ਸਾਥ ਛੱਡ ਜਾਂਦੇ ਹਨ।ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦਾ ਸੋਰਠਿ ਰਾਗ ਵਿਚ ਇਕ ਸੰਦੇਸ਼ ਹੈ ਜੋ ਜੀਵਾਂ ਪ੍ਰਤੀ ਹੈ।

**ਇਹ ਜਗਿ ਮੀਤੁ ਨ ਦੇਖਿਓ ਕੋਈ॥**

**ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈ ਸੰਗਿ ਨ ਹੋਈ॥**

**ਦਾਰਾ, ਮੀਤ, ਪੂਤ, ਸਨਬੰਧੀ, ਸਹਾਰੇ ਧਨ ਸਿਉ ਲਾਗੇ॥**

**ਜਬ ਹੀ ਨਿਰਧਨ ਦੇਖਿਓ ਨਰ ਕਉ, ਸੰਗਿ ਛਾਡਿ ਸਭ ਭਾਗੇ॥** (ਪੰਨਾ - 633)

ਜੀਵਨ ਕਾਲ ਵਿਚ ਪ੍ਰਾਣੀ ਦੇ ਤਿੰਨ ਮਿੱਤਰ ਹਨ।

(1) ਪਦਾਰਥ (2) ਪਰਿਵਾਰ (3) ਕਰਮ

ਜਿਤਨੇ ਚਿਰ ਪ੍ਰਾਣ ਸਰੀਰ ਵਿਚ ਹਨ, ਉਤਨੇ ਚਿਰ ਪਦਾਰਥ ਸੰਗੀ ਹਨ, ਜਿਸ ਵਕਤ ਮਨੁੱਖ ਮਰ ਗਿਆ ਇਹ ਪਦਾਰਥ ਕਿਸੇ ਹੋਰ ਦੇ ਬਣ ਗਏ। ਪਰਿਵਾਰ ਤੇ ਸੰਬੰਧੀ ਸਮਸ਼ਾਨ ਘਾਟ ਤੱਕ ਲੈ ਗਏ।ਜਦੋਂ ਲਾਂਬੂ ਲਾਇਆ ਤਾਂ ਸੇਕ ਕਰਕੇ ਸਾਰੇ ਪਿੱਛੇ ਹਟ ਗਏ।ਪਰਿਵਾਰ ਦਾ ਸਬੰਧ ਵੀ ਖਤਮ ਹੋ ਗਿਆ। ਤੀਜਾ ਮਿੱਤਰ ਹੈ ਕਰਮ।ਮਨੁੱਖ ਦੇ ਕੀਤੇ ਹੋਏ ਕਰਮ ਹੀ ਉਸ ਦੇ ਨਾਲ ਜਾਂਦੇ ਹਨ।ਕਿਉਂਕਿ ਮਨੁੱਖ ਮਰਦਾ ਨਹੀਂ ਉਹ ਤਾਂ ਆਪਣਾ ਚੋਲਾ ਛੱਡਦਾ ਹੈ ਤੇ ਕਰਮਾਂ ਅਨੁਸਾਰ ਉਸ ਦੀ ਆਤਮਾ ਅੱਗੋਂ ਪ੍ਰਵੇਸ਼ ਕਰ ਜਾਂਦੀ ਹੈ।ਇਸ ਲਈ ਪਤਾ ਨਹੀਂ ਪੂਰਬਲੇ ਕਰਮ ਕਦੋਂ ਜਾਗ ਪੈਣ।ਤੁਹਾਡੇ ਵਿਚ ਤਬਦੀਲੀ ਆ ਜਾਵੇ।ਪੰਨਾ 363 ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ –

**ਆਗੇ ਜਾਤਿ ਰੂਪ ਨ ਜਾਇ॥**

**ਤੇਹਾ ਹੋਏ ਜੇਹੇ ਕਰਮ ਕਮਾਇ॥**

ਸੱਚਾਈ ਇਹ ਹੈ ਕਿ ਮਨੁੱਖ ਨਾ ਵਰਤਮਾਨ ਜੀਵਨ ਤੋਂ ਸੰਤੁਸ਼ਟ ਹੈ ਨਾ ਇਸ ਨੂੰ ਮੌਤ ਦੀ ਭੂਮਿਕਾ ਬਾਰੇ ਗਿਆਨ ਹੈ।ਫਲਸਰੂਪ ਇਹ ਜਿਵੇਂ ਸੰਸਾਰ ਵਿਚ ਆਇਆ ਹੈ, ਤਿਵੇਂ ਹੀ ਇਥੋਂ ਚਲਾ ਜਾਂਦਾ ਹੈ –

**ਜਿਵ ਆਇਆ ਤਿਵ ਜਾਇਸੀ, ਕੀਆ ਲਿਖਿ ਲੈ ਜਾਇ॥**

**ਮਨਮੁਖਿ ਮੂਲੁ ਗਵਾਇਆ, ਦਰਗਹ ਮਿਲੈ ਸਜਾਇ॥** (ਪੰਨਾ - 1331)

ਅੰਤ ਸਮੇਂ ਸਤਿਗੁਰੂ ਹੀ ਸਹਾਈ ਹੁੰਦੇ ਹਨ।ਭਗਤ ਕਬੀਰ ਜੀ ਇਸ ਸੱਚਾਈ ਦੀ ਗਵਾਹੀ ਇਉਂ ਦਿੰਦੇ ਹਨ –

**ਕਬੀਰ, ਘਾਣੀ ਪੀੜਤੇ ਸਤਿਗੁਰ ਲੀਏ ਛਡਾਇ॥**

**ਪਰਾ ਪੂਰਬਲੀ ਭਾਵਨੀ, ਪਰਗਟ ਹੋਈ ਆਇ॥** (ਪੰਨਾ - 1375)

ਕਬੀਰ ਜੀ ਨੇ ਮੌਤ ਦੇ ਡਰ ਤੋਂ ਛੁਟਕਾਰਾ ਪਾਉਣ ਲਈ ਪਰਮੇਸ਼ਰ ਅੱਗੇ ਬੇਨਤੀ ਕੀਤੀ ਹੈ –

**ਮੇਰੋ ਜਨਮ ਮਰਨ ਦੁਖੁ ਆਥਿ ਧੀਰ॥**

**ਸੁਖ ਸਾਗਰ ਗੁਨ ਰਉ ਕਬੀਰ॥** (ਪੰਨਾ - 1194)

ਸਾਹਿਬ–ਏ–ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਬਿਯੋ ਬਾਚ ਬੇਨਤੀ॥ ਚੌਪਈ ਵਿਚ ਵੀ ਅਜਿਹੀ ਜਾਚਨਾ ਕੀਤੀ ਹੈ –

**ਆਪ ਹਾਥ ਦੇ ਮੁਝੈ ਉਬਰਿਯੈ॥**

**ਮਰਨ ਕਾਲ ਕਾ ਤ੍ਰਾਸ ਨਿਵਰਿਯੈ॥**

**ਹੂਜੋ ਸਦਾ ਹਮਾਰੇ ਪੱਛਾ॥**

**ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥**

ਜੀਵਨੀਆਂ ਸੂਫ਼ੀ ਦਰਵੇਸ਼ਾਂ ਦੀਆਂ ਪੜ੍ਹਨ ਦਾ ਮੌਕਾ ਮਿਲਿਆ ਤਾਂ ਪੜ੍ਹ ਕੇ ਅਹਿਸਾਸ ਹੋਇਆ ਕਿ ਕਿਸ ਤਰ੍ਹਾਂ ਸੂਫ਼ੀ ਦਰਵੇਸ਼ ਕਿਸੇ ਵਿਅਕਤੀ ਦੇ ਸੰਪਰਕ ਵਿਚ ਆ ਕੇ ਉਸ ਵਿਅਕਤੀ ਦੀ ਜ਼ਿੰਦਗੀ ਵਿਚ ਤਬਦੀਲੀ ਲਿਆਉਂਦੇ ਹਨ। ਹਜ਼ਰਤ ਸੱਰੀ ਸ਼ਕਤੀ ਸੂਫੀਆਂ ਦੇ ਸ਼ਕਤੀਯਹ ਸਿਲਸਿਲੇ ਦੇ ਬਾਨੀ ਮਹਾਂਪੁਰਸ਼ ਸਨ। ਉਹਨਾਂ ਦੁਆਰਾ ਰਚੇ ਬਿਰਤਾਂਤ ਦੀ ਇਕ ਦੋ ਝਲਕਾਂ ਇਸ ਤਰ੍ਹਾਂ ਹਨ –

ਇਕ ਆਦਮੀ ਨੇ ਗੱਲ ਸੁਣਾਈ ਕਿ ਉਹ 30 ਸਾਲ ਤੱਕ ਇਬਾਦਤ ਤੇ ਤਪੱਸਿਆ ਕਰਦਾ ਰਿਹਾ, ਪਰ ਜੋ ਪ੍ਰਾਪਤੀ ਉਸ ਨੂੰ 30 ਸਾਲਾਂ ਵਿਚ ਨਹੀਂ ਹੋਈ ਹਜ਼ਰਤ ਸ਼ੱਰੀ ਸ਼ਕਤੀ ਨਾਲ ਇਕ ਮੁਲਾਕਾਤ ਵਿਚ ਹੋ ਗਈ। ਉਸ ਆਦਮੀ ਨੇ ਦੱਸਿਆ ਕਿ, "ਮੈਂ ਇਕ ਦਿਨ ਹਜਰਤ ਸੱਰੀ ਸ਼ਕਤੀ ਦੇ ਘਰ ਗਿਆ ਤੇ ਘਰ ਮੂਹਰੇ ਖੜ੍ਹ ਕੇ ਸੱਰੀ ਜੀ ਨੂੰ ਅਵਾਜ਼ ਦਿੱਤੀ। ਉਹਨਾਂ ਨੇ ਅੰਦਰੋਂ ਹੀ ਪੁੱਛਿਆ ਕੌਣ ਹੈ?" ਮੈਂ ਉੱਤਰ ਦਿੱਤਾ ਕਿ, 'ਮੈਂ ਹਾਂ ਆਪ ਦਾ ਇਕ ਜਾਨਣ ਵਾਲਾ, ਆਪ ਨੂੰ ਪਛਾਨਣ ਵਾਲਾ' ਆਪ ਨੇ ਉਸੇ ਵੇਲੇ ਅਰਦਾਸ ਕੀਤੀ, ਜੋ ਬਾਹਰ ਮੈਨੂੰ ਸਾਫ਼ ਸੁਣਾਈ ਦੇ ਰਹੀ ਸੀ ਕਿ, 'ਐ ਅੱਲਾਹ! ਇਸ ਆਦਮੀ ਨੂੰ ਅਜਿਹਾ ਬਣਾ ਦੇਵੀ ਕਿ ਤੇਰੇ ਬਿਨਾਂ ਇਸ ਨੂੰ ਹੋਰ ਕਿਸੇ ਦੀ ਜਾਣ-ਪਛਾਣ ਨਾ ਰਹੇ।' ਉਸੇ ਦਿਨ ਤੋਂ ਮੈਨੂੰ ਜੋ ਰੂਹਾਨੀ ਦਰਜੇ ਪ੍ਰਾਪਤ ਹੁੰਦੇ ਗਏ, ਉਹਨਾਂ ਸਭਨਾਂ ਦੇ ਪਿੱਛੇ ਹਜਰਤ ਸੱਰੀ ਸ਼ਕਤੀ ਦੀ ਇਹੀ ਅਰਦਾਸ ਹੈ?

ਆਪ ਬੀਮਾਰ ਪੈ ਗਏ ਤੇ ਜੁਨੈਦ ਬਗਦਾਦੀ (ਸੱਰੀ ਦੇ ਨਜ਼ਦੀਕੀ) ਨੂੰ ਆਖਣ ਲੱਗੇ ਕਿ 'ਜੁਨੈਦ' ਮੈਂ ਬਗਦਾਦ ਵਿਚ ਮਰਨਾ ਨਹੀਂ ਚਾਹੁੰਦਾ। ਮੈਂ ਸਮਝਦਾ ਹਾਂ ਕਿ ਇਥੋਂ ਦੀ ਮਿੱਟੀ ਮੈਨੂੰ ਕਬੂਲ ਨਹੀਂ ਕਰੇਗੀ। ਕਿਉਂਕਿ ਜਿਹੜੇ ਲੋਕਾਂ ਨੂੰ ਮੇਰੇ ਵੱਲੋਂ ਹੌਸਲਾ ਮਿਲਦਾ ਹੈ, ਉਹਨਾਂ ਦਾ ਹੌਸਲਾ ਟੁੱਟ ਜਾਵੇਗਾ। ਜੁਨੈਦ ਨੇ ਆਪ ਨੂੰ ਕਿਹਾ, "ਸਾਨੂੰ ਕੋਈ ਮੱਤ ਬੁਧ ਜਾਂ ਸਿਖਿਆ ਦਿਉ।" ਫਰਮਾਇਆ ਕਿ ਦੁਨੀਆਂ ਦੇ ਅੰਦਰ ਜ਼ਰੂਰ ਰਹੋ, ਪਰ ਇਸ ਵਿਚ ਰਹਿੰਦਿਆਂ ਹੋਇਆਂ ਖਾਲਿਕ ਜਾਂ ਸਿਰਜਨਹਾਰ ਨੂੰ ਨਾ ਵਿਸਾਰੋ ਤੇ ਨਾ ਹੀ ਉਸ ਪ੍ਰਤੀ (ਪ੍ਰਮਾਤਮਾ) ਆਪਣੀ ਤਾਂਘ ਘਟਣ ਦਿਉ। ਇਉਂ ਤੁਸੀਂ ਦੁਨੀਆਂ ਦੀ ਲੱਗ-ਲਬੇੜ ਤੋਂ ਵੀ ਬਚੇ ਰਹੋਗੇ ਤੇ ਰੂਹਾਨੀ ਮੰਜ਼ਲਾਂ ਵੀ ਤਹਿ ਕਰਦੇ ਜਾਵੋਗੇ। ਸ਼ੇਖ ਫਰੀਦ ਨੇ ਵੀ ਭਾਣੇ ਵਿਚ ਰਹਿਣ ਦੀ ਸੇਧ ਇਸ ਤਰ੍ਹਾਂ ਬਖਸ਼ੀ ਹੈ –

**ਫਰੀਦਾ ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ॥**

**ਅਲਹੁ ਭਾਵੈ ਸੋ ਭਲਾ, ਤਾਂ ਲਭੀ ਦਰਬਾਰੁ॥ (ਅੰਗ - 1383)**

● ● ●

# ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# "ਗੁਰੂ ਲਾਧੋ ਰੇ" ਵਾਲੇ ਬਾਬਾ ਮੱਖਣ ਸ਼ਾਹ ਲੁਬਾਣਾ



**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਸੰਪਰਕ 9779853245

ਮਾਰਚ 1664 ਵਿਚ ਜਦ ਗੁਰੂ ਹਰਿ ਕ੍ਰਿਸ਼ਨ ਜੀ ਦਿਲੀ ਵਿਖੇ ਚੇਚਕ ਦੀ ਬਿਮਾਰੀ ਨਾਲ ਨਿਢਾਲ ਹੋ ਗਏ ਤਾਂ ਆਲੇ-ਦੁਆਲੇ ਦੇ ਜ਼ੁੰਮੇਵਾਰ ਸਿੱਖਾਂ ਨੇ ਚਿੰਤਤ ਹੋ ਕੇ ਅਨਹੋਣੀ ਹੋ ਜਾਣ ਦੀ ਸੂਰਤ ਵਿਚ ਅਗਲੇ ਗੁਰੂ ਬਾਰੇ ਜਾਨਣਾ ਚਾਹਿਆ। ਗੁਰੂ ਜੀ ਨੇ ਸਭ ਦੀ ਸਲਾਹ ਨਾਲ ਮੌਜੁਦਾ ਪ੍ਰਸਥਿਤੀਆਂ ਦੇ ਮੱਦੇ-ਨਜ਼ਰ ਇਹ ਸੋਚਿਆ ਕਿ ਬੇਹਤਰੀਨ ਇਹ ਰਹੇਗਾ ਕਿ ਪਿਛਲੇ ਵੀਹ ਸਾਲ ਤੋਂ ਆਪਣੇ ਨਾਨਕੇ ਪਿੰਡ ਬਕਾਲੇ ਬੈਠੇ ਬਾਬਾ ਤੇਗ ਬਹਾਦੁਰ ਜੀ ਨੂੰ ਗੁਰੂ ਥਾਪਿਆ ਜਾਵੇ। ਹਾਲਾਂਕਿ ਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਜਾਨਸ਼ੀਨੀ ਸਪਸ਼ਟ ਸ਼ਬਦਾਂ ਵਿਚ ਪ੍ਰਗਟਾਈ ਗਈ ਸੀ ਅਤੇ ਗੁਰੂਤਾ-ਪ੍ਰਦਾਨਤਾ ਦੀਆਂ ਨਿਸ਼ਾਨੀਆਂ ਆਪਣੇ ਹੱਥੀਂ ਮੁਹਤਬਰ ਸਿੱਖਾਂ ਨੂੰ ਸੌਂਪੀਆਂ ਗਈਆਂ ਸਨ, ਪਰ ਕਿਉਂਕਿ ਗੁਰੂ-ਘਰ ਅਤੇ ਸਰਕਾਰੇ-ਦਰਬਾਰੇ ਹਾਲਾਤ ਬੜੇ ਪ੍ਰਤੀਕੂਲ ਚੱਲ ਰਹੇ ਸਨ, ਇਸ ਲਈ ਇਸ ਸੰਬੰਧੀ ਜਾਣ-ਬੁੱਝ ਕਈ ਕਿਸਮ ਦੇ ਭੰਬਲ-ਭੂਸੇ ਖੜੇ ਕਰ ਦਿੱਤੇ ਗਏ।

ਸਮੇਂ ਦਾ ਹਾਕਮ ਮਹਿਸੂਸ ਕਰ ਰਿਹਾ ਸੀ ਕਿ ਸਿੱਖ-ਗੁਰੂਆਂ ਵੱਲੋਂ ਕੀਤੇ ਜਾਂਦੇ ਉਪਦੇਸ਼ ਸਮੁੱਚੇ ਸਮਾਜ ਨੂੰ ਜਿਵੇਂ ਪ੍ਰਭਾਵਿਤ ਕਰ ਰਹੇ ਸਨ, ਉਹ ਉਸ ਦੇ ਮੁਸਲਿਮ-ਪ੍ਰਸਾਰ ਏਜੰਡੇ ਸਾਹਮਣੇ ਰੋੜਾ ਬਣ ਰਹੇ ਸਨ ਕਿਉਂਕਿ ਸਿੱਖ-ਗੁਰੂਆਂ ਵੱਲੋਂ ਸਥਾਪਤ ਸਮਾਜ ਪੂਰੀ ਤਰ੍ਹਾਂ ਰਾਜਨੀਤਕ-ਚੇਤੰਨ ਸੀ। ਗੁਰੂ ਹਰਿ ਰਾਏ ਜੀ ਦਾ ਵੱਡੇ ਪੁੱਤਰ ਹਰਿ ਰਾਏ ਨੂੰ ਪਹਿਲਾਂ ਹੀ ਔਰੰਗਜ਼ੇਬ ਨੇ ਆਪਣੇ ਪ੍ਰਭਾਵ ਥੱਲੇ ਰੱਖਿਆ ਹੋਇਆ ਸੀ ਅਤੇ ਉਸਨੂੰ ਜਗੀਰ ਬਖਸ਼ ਕੇ ਉਸਦਾ ਡੇਰਾ ਡੇਹਰਾਦੂਨ ਵਿਖੇ ਸਥਾਪਤ ਕਰ ਦਿੱਤਾ ਸੀ। ਕੁਝ ਸਿੱਖ-ਸਰੋਤਾਂ ਅਨੁਸਾਰ ਧੀਰ-ਮੱਲ ਵੀ ਮੁਗਲ-ਹਕੂਮਤ ਤੋਂ ਧਰਮ-ਅਰਥ ਜਗੀਰ ਪ੍ਰਾਪਤ ਕਰਕੇ ਆਪਣੀ ਗੱਦੀ ਕਰਤਾਰਪੁਰ ਜਮਾਈ ਬੈਠਾ ਸੀ। ਮੀਣੇ ਕਹੇ ਜਾਂਦੇ ਹਰਿ ਜੀ ਪਹਿਲਾਂ ਹੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਤੇ ਆਪਣਾ ਕਬਜ਼ਾ ਜਮਾ ਕੇ ਆਪਣੇ ਆਪ ਨੂੰ ਸਮਰੱਥ ਸਮਝਦੇ ਸਨ। ਗੁਰੂ-ਘਰ ਵਿੱਚੋਂ ਇੱਕੋ ਤੇਗ ਬਹਾਦਰ ਹੀ ਸਨ ਜੋ ਗੁਰੂ-ਪੁੱਤਰ ਹੋਣ ਨਾਤੇ ਆਪਣੀਆਂ ਗੁਰ-ਉਪਦੇਸ਼ਕ ਯਾਤਰਾਵਾਂ ਰਾਹੀਂ ਕੌਮੀ ਪੱਧਰ 'ਤੇ ਸਿੱਖ-ਸੰਗਤ ਵਿਚ ਗੁਰੂ ਨਾਨਾਕ ਅਨੁਸਾਰੀ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ।

ਸਿੱਖ-ਸ੍ਰਪੋਤਾਂ ਤੋਂ ਸਾਨੂੰ ਇਹ ਤਾਂ ਸਪਸ਼ਟ ਨਹੀਂ ਹੁੰਦਾ ਕਿ ਔਰੰਗਜ਼ੇਬ ਨੇ ਗੁਰਆਈ ਧਾਰਣ ਕਰ ਲੈਣ ਤੋਂ ਪਹਿਲਾਂ ਤੇਗ ਬਹਾਦਰ ਜੀ ਨੂੰ ਅਗਲਾ ਜਾਨਸ਼ੀਨ ਸਮਝ ਕੇ ਉਸ ਤੱਕ ਕਿਸੇ ਕਿਸਮ ਦੀ ਪਹੁੰਚ ਕੀਤੀ ਹੋਵੇ ਜਾਂ ਨਾ ਜਾਂ ਉਹਨਾਂ 'ਤੇ ਕੋਈ ਸ਼ੱਕੀ ਨਜ਼ਰ ਰੱਖੀ ਹੋਵੇ ਜਾਂ ਨਾ ਪਰ ਗੁਰਿਆਈ-ਵਸਤਾਂ ਦਾ ਬਕਾਲੇ ਵਿਖੇ ਦੇਰੀ ਨਾਲ ਪਹੁੰਚਣ ਦਾ ਇਕ ਕਾਰਨ ਜ਼ਰੂਰੀ ਤੌਰ 'ਤੇ ਸਰਕਾਰੀ ਹਕੂਮਤ ਦਾ ਲੁਕਵਾਂ ਹੱਥ ਹੋ ਸਕਦਾ ਹੈ।

ਬਾਬਾ ਮੱਖਣ ਸ਼ਾਹ ਦਾ ਸਭ ਤੋਂ ਪਹਿਲਾ ਜ਼ਿਕਰ ਕਵੀ ਕੰਕਨ ਦੀ ਕ੍ਰਿਤ "ਦਸ ਗੁਰ-ਕਥਾ" ਵਿਚ ਮਿਲਦਾ ਹੈ, ਭਾਵੇਂ ਕਿ ਉਹ ਉਸਨੂੰ ਕੇਵਲ "ਨਾਇਕ" ਹੀ ਲਿਖਦਾ ਹੈ। ਕੰਕਨ ਅਨੁਸਾਰ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਟਿੱਕਾ ਲਾਉਣ ਵਾਲਿਆਂ ਵਿਚ ਮੱਖਣ ਸ਼ਾਹ ਖ਼ੁਦ ਵੀ ਸ਼ਾਮਲ ਸੀ:

ਨਾਯਕ ਹਾਥ ਸੌਂ ਟੀਕਾ ਲਵਾਯਕੈ
ਭਾਨ ਸਮਾਨ ਭਯਾ ਗੁਰ ਭਾਰਾ

ਪਰ ਬਾਦ ਦੇ ਇਤਿਹਾਸਕ ਸਰੋਤਾਂ ਵਿਚ ਮੱਖਣ ਸ਼ਾਹ ਗੁਰੂਤਾ-ਰਸਮ ਤੋਂ ਕਾਫੀ ਦੇਰ ਬਾਦ ਬਕਾਲੇ ਵਿਖੇ ਆਉਂਦੇ ਹਨ। ਇਹਨਾਂ ਸ੍ਰੋਤਾਂ ਅਨੁਸਾਰ ਭਾਈ ਦਰਗਾਹ ਮੱਲ ਆਪਣੇ ਭਤੀਜਿਆਂ ਸਤੀ ਦਾਸ-ਮਤੀ ਦਾਸ ਅਤੇ ਹੋਰ ਅਹਿਮ ਸਿੱਖ ਸ਼ਖ਼ਸੀਅਤਾਂ ਸਮੇਤ ਅਗਸਤ ਮਹੀਨੇ ਬਕਾਲੇ ਵਿਖੇ ਪਹੁੰਚਦੇ ਹਨ ਤੇ ਖੁੱਲੇ ਪੰਡਾਲ ਵਿਚ, ਮਾਤਾ ਨਾਨਕੀ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ, ਤਾਜਪੋਸ਼ੀ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਹ ਦਿਹਾੜਾ ਪੁੰਨਿਆ ਦਾ ਸੀ ਜਾਂ ਨਹੀਂ ਪਰ ਮੌਜੂਦਾ ਨਗਰ ਬਾਬਾ ਬਕਾਲੇ ਵਿਖੇ ਇਹ ਮੌਕਾ ਰੱਖੜ-ਪੁੰਨਿਆ ਵਾਲੇ ਦਿਨ ਬੜੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਬਹੁਤੇ ਥਾਈਂ ਲੁਬਾਣਾ-ਸਮਾਜ ਵੱਲੋਂ ਰੱਖੜ-ਪੁੰਨਿਆਂ "ਗੁਰੂ ਲਾਧੋ ਰੇ ਦਿਵਸ" ਦੇ ਤੌਰ ਤੇ ਮਨਾਇਆ ਜਾਂਦਾ ਹੈ।

ਧੀਰ ਮੱਲ ਕਈ ਦਿਨਾਂ ਤੋਂ ਬਕਾਲੇ ਢੇਰਾ ਲਾਈ ਬੈਠਾ ਸੀ ਪਰ ਗੁਰੂਤਾ ਤੋਂ ਬਾਦ ਤਾਂ ਧੀਰ ਮੱਲ ਬੁਖਲਾ ਹੀ ਉੱਠਿਆ ਅਤੇ ਆਪਣੇ ਸਹਿਯੋਗੀਆਂ ਦਾ ਇਕੱਠ ਵਧਾਉਣ ਦੇ ਆਹਰ ਵਿਚ ਜੁਟ ਗਿਆ। ਉਹ ਬਾਬਾ ਗੁਰਦਿਤਾ ਜੀ ਦਾ ਵੱਡਾ ਪੁਤਰ ਹੋਣ ਕਰਕੇ ਆਪਣੇ ਆਪ ਨੂੰ "ਬਾਬਾ" ਹੋਣ ਦਾ ਜਨਮ-ਸਿੱਧ ਅਧਿਕਾਰੀ ਸਮਝਦਾ ਸੀ। ਹਕੂਮਤ ਤਾਂ ਸਿੱਧੇ/ਅਸਿੱਧੇ ਢੰਗ ਨਾਲ ਉਹਦੀ ਪਿੱਠ ਪਿੱਛੇ ਹੈ ਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਵੀ ਉਸ ਪਾਸ ਸੀ। ਭਾਵੇਂਕਿ ਫੁਰਮਾਨ ਜਾਂ ਹੁਕਮਨਾਮੇ ਲਿਖਣ ਦਾ ਰਿਵਾਜ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸ਼ੁਰੂ ਹੋ ਹੀ ਗਿਆ ਸੀ ਪਰ ਇਸ ਮਾਮਲੇ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਨੇ ਕੋਈ ਹੱਥ-ਲਿਖਤ ਫੁਰਮਾਨ ਤਾਂ ਕੀਤਾ ਨਹੀਂ ਸੀ, ਉਹਨਾਂ ਦਾ ਕਥਨ ਗਵਾਹੀ-ਅਧਾਰਿਤ ਹੀ ਸੀ। ਪਹਿਲੇ ਗੁਰੂ ਤਾਂ ਆਪਣੇ ਜਿਉਂਦੇ ਜੀ ਗੁਰੂ ਥਾਪ ਦੇਂਦੇ ਸਨ, ਇਸ ਲਈ ਇਹ ਫੈਸਲਾ ਚਸ਼ਮਦੀਦ ਗਵਾਹਾਂ 'ਤੇ ਨਿਰਭਰ ਨਹੀਂ ਸੀ ਕਰਦਾ। ਇਸ ਲਈ ਗੁਰਗੱਦੀ ਦੇ ਹੱਕਦਾਰ ਹੋਣ ਲਈ ਰੌਲਾ ਪਾਇਆ ਜਾ ਸਕਦਾ ਸੀ।

ਉਧਰ ਗੁਰੂ ਤੇਗ ਬਹਾਦਰ ਜੀ ਪਹਿਲਾਂ ਹੀ ਗੁਰਗੱਦੀ ਦੇ ਦਾਹਵਿਆਂ ਤੋਂ ਦੂਰ ਬੈਠੇ ਸਨ। ਹੁਣ ਵੀ ਇਸ ਜ਼ੁੰਮੇਵਾਰੀ ਦਾ ਟਿੱਕਾ ਲਗਵਾ ਲੈਣ ਤੋਂ ਬਾਦ ਵੀ ਉਹ ਸਰਗਰਮ ਹੋਣ ਲਈ ਅਨੁੱਚਿਤ ਸਮੇਂ ਦੀ ਉਡੀਕ ਕਰ ਰਹੇ ਸਨ, ਉਂਝ ਯਤਨਸ਼ੀਲ ਵੀ ਸਨ। ਉਹਨਾਂ ਨੇ ਆ ਰਹੀ ਦੀਵਾਲੀ ਵਾਸਤੇ ਸੰਗਤਾਂ ਨੂੰ ਹੁੰਮ-ਹੁਮਾ ਕੇ ਆਉਣ ਲਈ



ਗੁਰੂ ਹਰਿ ਕ੍ਰਿਸ਼ਨ ਜੀ ਦੀ ਬਿਮਾਰੀ ਦੌਰਾਨ ਅਤੇ ਬਾਅਦ, ਗੁਰੂਤਾ ਦੇ ਅਗਲੇ ਉਤਰਾਧਿਕਾਰੀ ਨੂੰ ਲੈ ਕੇ ਸਿੱਖ ਸਮਾਜ ਵਿੱਚ ਭਾਰੀ ਸੰਕਟ, ਉਲਝਣ ਅਤੇ ਰਾਜਨੀਤਕ ਦਬਾਅ ਮੌਜੂਦ ਸੀ। ਮੌਜੂਦਾ ਹਾਲਾਤਾਂ ਚ ਮੁਗਲ ਸਰਕਾਰ ਦੀ ਵਿਰੋਧੀ ਨੀਤੀ, ਕਈ ਦਾਅਵੇਦਾਰਾਂ ਦੀ ਚਲਾਕੀਆਂ, ਤੇ ਸਿੱਖ ਧਰਮ ਦੀ ਵਧ ਰਹੀ ਤਾਕਤ ਨੇ ਇਸ ਸਾਰਿਆਂ ਨੇ ਗੁਰਗੱਦੀ ਨੂੰ ਲੈ ਕੇ ਵੱਡਾ ਤਣਾਓ ਪੈਦਾ ਕੀਤਾ। ਬਾਬਾ ਮੱਖਣ ਸ਼ਾਹ ਲੁਬਾਣਾ ਨੇ ਬਕਾਲਾ ਪਹੁੰਚ ਕੇ ਸੱਚੇ ਗੁਰੂ ਦੀ ਪਹਿਚਾਣ ਕਰਨ ਵਿੱਚ ਨਿਰਣਾਇਕ ਭੂਮਿਕਾ ਨਿਭਾਈ, ਜਿਸ ਨਾਲ ਸੰਗਤ ਦਾ ਰੁਝਾਨ ਗੁਰੂ ਤੇਗ ਬਹਾਦਰ ਜੀ ਵੱਲ ਮੁੜ ਗਿਆ।

ਹੁਕਮਨਾਮੇ ਭੇਜਣੇ ਸ਼ੁਰੂ ਕਰ ਦਿਤੇ ਸਨ। ਭਾਈ ਬਠਾ ਵਰਗੇ ਸ਼ਰਧਾਲੂਆਂ ਨੂੰ "ਸਰਬਤ ਸੰਗਤ" ਸਮੇਤ ਪਹੁੰਚਣ ਦੇ ਅਦੇਸ਼ ਦਿਤੇ ਗਏ ਸਨ।

ਕਰਮ ਸਿੰਘ ਹਿਸਟੋਰੀਅਨ ਅਨੁਸਾਰ ਮੱਖਣ ਸ਼ਾਹ ਗੁਜਰਾਤ (ਭਾਰਤ) ਦੇ ਇਲਾਕੇ ਦੇ ਮਸੰਦ ਸਨ ਅਤੇ ਹਰ ਸਾਲ ਦਿਵਾਲੀ-ਵਿਸਾਖੀ 'ਤੇ ਗੁਰੂ-ਘਰ ਦੀ ਕਾਰ-ਸੇਵਾ ਭੇਟ ਕਰਣ ਗੁਰੂ ਜੀ ਕੋਲ ਆਉਂਦੇ ਸਨ। ਕੁਝ ਲੇਖਕਾਂ ਦਾ ਖਿਆਲ ਹੈ ਕਿ ਉਹ ਬੜੇ ਵੱਡੇ ਧਨਾਢ ਸਨ ਅਤੇ ਉਹਨਾਂ ਦਾ ਜੱਦੀ-ਘਰ ਮੁਜ਼ਫਰਾਬਾਦ(ਕਸ਼ਮੀਰ) ਵਿਖੇ ਸੀ ਅਤੇ ਉਹ ਹਰ ਸਾਲ ਪਰਿਵਾਰ ਸਮੇਤ ਗੁਰੂ ਜੀ ਨੂੰ ਮੱਥਾ ਟੇਕਣ ਆਉਂਦੇ ਸਨ ਅਤੇ ਅੰਮ੍ਰਿਤਸਰ ਵਿਖੇ ਇਸ਼ਨਾਨ ਕਰਕੇ ਅੱਗੇ ਮੁਜ਼ਫਰਾਬਾਦ ਨੂੰ ਨਿਕਲਦੇ ਸਨ। ਬਹੁ-ਪ੍ਰਚੱਲਿਤ ਅਤੇ ਸਥਾਪਿਤ ਪਰੰਪਰਾ ਅਨੁਸਾਰ ਉਹ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਭਾਲ ਵਿਚ ਇਸ ਕਰਕੇ ਨਿਕਲੇ ਸਨ ਕਿਉਂਕਿ ਗੁਰੂ ਜੀ ਨੇ ਉਹਨਾਂ ਦੇ ਘਟਨਾ-ਗ੍ਰਸਤ ਜਹਾਜ਼ ਨੂੰ ਬਚਾਉਣ ਵਿਚ ਸਹਾਇਤਾ ਕੀਤੀ ਸੀ ਅਤੇ ਉਹਨਾਂ ਇਸ ਸੰਬੰਧ ਵਿਚ ਆਪਣੀ ਸੁੱਖੀ ਸੁੱਖਣਾ ਉਤਾਰਣੀ ਸੀ।

ਗੁਰੂ ਤੇਗ ਬਹਾਦਰ ਜੀ ਦੀ ਗੁਰ-ਸਥਾਪਤੀ ਵਿੱਚ ਬਾਬਾ ਮੱਖਣ ਸ਼ਾਹ ਵੱਲੋਂ ਕੀਤੇ ਗਏ ਰੋਲ ਦਾ ਤਕਰੀਬਨ ਸਭ ਇਤਿਹਾਸਕਾਰ (ਕੇਸਰ ਸਿੰਘ ਛਿੱਬਰ ਤੋਂ ਬਿਨਾਂ) ਕਿਸੇ ਨਾ ਕਿਸੇ ਰੂਪ ਵਿੱਚ ਉਲੇਖ ਕਰਦੇ ਹਨ। ਬਿਨਾਂ ਸ਼ੱਕ, ਮੱਖਣ ਸ਼ਾਹ ਵੱਡਾ ਵਿਉਪਾਰੀ ਸੀ ਅਤੇ ਗੁਰੂ-ਘਰ ਦਾ ਪਿਤਾ-ਪੁਰਖੀ ਅਨਿੰਨ ਭਗਤ ਸੀ। ਉਹ ਆਪਣੇ ਪਰਿਵਾਰ ਅਤੇ ਵੱਡੀ ਗਿਣਤੀ ਵਿਚ ਸੰਗਤ ਸਮੇਤ ਬਕਾਲੇ ਪਹੁੰਚਿਆ ਸੀ (ਕੁਝ ਸਰੋਤ ਇਹ ਗਿਣਤੀ 300 ਦੱਸਦੇ ਹਨ, ਕੁਝ 500)। ਚੋਖੀ ਗਿਣਤੀ ਵਿੱਚ ਸ਼ਸਤਰ-ਬੰਦ ਅਮਲਾ ਉਹਨਾਂ ਦੇ ਨਾਲ ਅਕਸਰ ਰਹਿੰਦਾ ਸੀ ਕਿਉਂਕਿ ਸਰਕਾਰੀ ਫੌਜਾਂ ਨੂੰ ਰਸਦ ਵਗੈਰਾ ਦੀ ਸਪਲਾਈ ਅਜਿਹੇ ਵਣਜਾਰੇ-ਵਪਾਰੀਆਂ ਵੱਲੋਂ ਕੀਤੀ ਜਾਂਦੀ ਸੀ ਜਿਸ ਲਈ ਕਾਰਵਾਂ ਰਾਤ-ਬਰਾਤੇ ਚੱਲਦੇ ਰਹਿੰਦੇ ਸਨ। ਮੱਖਣ ਸ਼ਾਹ ਨਾਮਵਰ ਸਿੱਖਾਂ ਵਿਚ ਵੀ ਜਾਣੀ-ਪਛਾਣੀ ਹਸਤੀ ਸੀ। ਸੰਗਤਾਂ ਉਸਦੇ ਕਿਰਦਾਰ ਤੋਂ ਖੂਬ ਵਾਕਫ ਸਨ ਅਤੇ ਉਹ ਵੀ ਧੀਰ ਮੱਲ ਵਰਗਿਆਂ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ। ਜੇ ਉਹ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਨਾਂ ਵੀ ਜਾਣਦਾ ਹੋਵੇ ਤਾਂ ਵੀ ਆਪਣੀ ਪਰਖ ਅਤੇ ਨਿੱਜੀ ਅਨੁਭਵ ਤੋਂ ਉਸਨੇ ਇਹ ਨਤੀਜਾ ਕੱਢ ਲਿਆ ਸੀ ਕਿ ਇਸ ਗੱਦੀ ਦੇ ਅਸਲ ਵਾਰਿਸ ਗੁਰੂ ਤੇਗ ਬਹਾਦਰ ਜੀ ਹੀ ਹੋਣੇ ਚਾਹੀਦੇ ਹਨ। ਦਿਵਾਲੀ ਦੇ ਮੌਕੇ 'ਤੇ ਬਕਾਲਾ ਵਿਖੇ ਧੀਰ ਮੱਲ ਦੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਅਲੱਗ ਅਲੱਗ ਅਗਵਾਈ ਵਿਚ ਵੱਡੇ ਜੋੜ-ਮੇਲੇ ਅਯੋਜਿਤ ਕੀਤੇ ਗਏ। ਬਾਬਾ ਮੱਖਣ ਸ਼ਾਹ ਨੇ ਉੱਚੇ ਸਥਾਨ 'ਤੇ ਚੜ ਕੇ ਧੀਰ ਮੱਲ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਉੱਚੇ ਅਵਾਜ਼ੇ ਲਗਾ ਦਿੱਤੇ ਕਿ ਅਸਲੀ ਅਤੇ ਸੱਚਾ ਗੁਰੂ ਤਾਂ ਏਧਰ ਬੈਠਾ ਹੈ। ਗੁਰੂ ਉਹ ਹੀ ਹੁੰਦਾ ਜਿਸਨੂੰ ਪਹਿਲਾ ਗੁਰੂ, ਅਪਣੀ ਜੋਤ ਬਖਸ਼ ਜਾਵੇ ਨਾ ਕਿ ਉਹ ਜਿਸ ਕੋਲ ਹੱਥ-ਲਿਖਤ ਗ੍ਰੰਥ ਸਾਹਿਬ ਹੋਵੇ ਜਾਂ ਜੋ ਹਰਿਮੰਦਰ ਸਾਹਿਬ 'ਤੇ ਕਾਬਜ਼ ਹੋਵੇ। ਉਸਨੇ ਗੁਰੂ ਜੀ ਪ੍ਰਤੀ ਆਪਣਾ ਨਿੱਜੀ ਅਨੁਭਵ ਵੀ ਸਾਂਝਾ ਕੀਤਾ। ਬੱਸ ਧੀਰ ਮੱਲ ਦੇ ਵੇਂਹਦਿਆਂ-ਵੇਂਹਦਿਆਂ ਹੀ ਸਿੱਖ-ਸੰਗਤ ਗੁਰੂ ਤੇਗ ਬਹਾਦਰ ਜੀ ਵੱਲ ਆਉਣੀ ਸ਼ੁਰੂ ਹੋ ਗਈ। ਰਾਤ ਨੂੰ ਖੂਬ ਦੀਪਾਵਲੀ ਕੀਤੀ ਗਈ।

ਕਾਰੋਬਾਰੀ, ਵਿਉਪਾਰੀ ਆਮ ਤੌਰ 'ਤੇ ਹਕੂਮਤ ਦੀਆਂ ਇਛਾਵਾਂ ਦੇ ਉਲਟ ਘੱਟ ਹੀ ਚੱਲਦੇ ਹਨ, ਉਹ ਵੀ ਜੋ ਸਰਕਾਰ ਨੂੰ ਮਾਲ-ਸਵਾਬ ਮਹੱਈਆ ਕਰਦੇ ਹੋਣ ਪਰ ਬਾਬਾ ਮੱਖਣ ਸ਼ਾਹ ਸ਼ਰਧਾਵੱਸ ਇਹਨਾਂ ਗੱਲਾਂ ਤੋਂ ਉੱਪਰ ਉੱਠ ਗਏ ਸਨ। ਇਹ ਤਾਂ ਹੋ ਨਹੀਂ ਸਕਦਾ ਕਿ ਹਕੂਮਤ ਮੱਖਣ ਸ਼ਾਹ ਬਾਰੇ ਜਾਣਦੀ ਨਾ ਹੋਵੇ ਅਤੇ ਇਹ ਵੀ ਨਹੀਂ ਹੋ ਸਕਦਾ ਕਿ ਬਾਬਾ ਮੱਖਣ ਸ਼ਾਹ ਧੀਰ ਮੱਲੀਆਂ ਪ੍ਰਤੀ ਸਰਕਾਰੀ ਰੁਖ ਤੋਂ ਅਣਭੋਲ ਅਤੇ ਅਨਜਾਣ ਹੋਣ।

ਖ਼ੈਰ! ਬਾਬਾ ਮੱਖਣ ਸ਼ਾਹ ਬਾਰੇ ਕੁਝ ਸੁਆਲਾਂ ਦੇ ਜੁਆਬ ਖੋਜ ਦੇ ਮੁਹਤਾਜ਼ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰਿਆਈ ਮੌਕੇ ਏਡਾ ਵੱਡਾ ਰੋਲ ਅਦਾ ਕਰਣ ਵਾਲੇ ਸ਼ਖਸ ਦਾ ਗੁਰੂ ਜੀ ਵੱਲੋਂ ਗੁਰਿਆਈ ਉਪਰੰਤ ਕਿਸੇ ਵੀ ਹੁਕਮਨਾਮੇ ਵਿਚ ਜ਼ਿਕਰ ਨਹੀਂ, ਨਾ ਹੀ ਕਿਤੇ ਉਹਨਾਂ ਨਾਲ ਮੇਲ-ਮਿਲਾਪ ਦਾ ਜ਼ਿਕਰ ਹੀ ਆਉਂਦਾ ਹੈ। ਗੁਰੂ ਜੀ ਦੀ ਗਰਿਫਤਾਰੀ ਜਾਂ ਸ਼ਹਾਦਤ ਮੌਕੇ ਉਹ ਕਿੱਥੇ ਸੀ? ਇਤਿਹਾਸ ਇਸ ਬਾਰੇ ਮੁਕੰਮਲ ਚੁੱਪ ਹੈ। ਜਿਹੜਾ ਔਰੰਗਜ਼ੇਬ ਗੁਰੂ ਤੇਗ ਬਹਾਦਰ ਜੀ ਅਤੇ ਧੀਰ ਮੱਲ ਦੋਹਾਂ ਨੂੰ ਗਰਿਫਤਾਰ ਕਰਕੇ ਖ਼ਤਮ ਕਰਾ ਦੇਂਦਾ ਹੈ ਉਸਦਾ ਬਾਬਾ ਮੱਖਣ ਸ਼ਾਹ ਪ੍ਰਤੀ ਕੀ ਵਤੀਰਾ ਰਿਹਾ ਹੋਵੇਗਾ? ਉਸਦੇ ਪਰਿਵਾਰ-ਕਾਰੋਬਾਰ ਪ੍ਰਤੀ ਹਕੂਮਤ ਨੇ ਕੀ ਰੁਖ ਅਖ਼ਤਿਆਰ ਕੀਤਾ ਹੋਵੇਗਾ? ਬੜੇ ਉਤਸੁਕਤਾ ਵਾਲੇ ਸੁਆਲ ਹਨ ਜਿਨ੍ਹਾਂ ਬਾਰੇ ਇਤਿਹਾਸ ਵਿਚ ਕੋਈ ਉਲੇਖ ਨਹੀਂ।

● ● ●

# ਰੌਚਕ ਤੱਥ

1. ਤਿਤਲੀ ਕਿਸੇ ਚੀਜ਼ ਦਾ ਸਵਾਦ ਪੈਰਾਂ ਨਾਲ ਲੈਂਦੀ ਹੈ।
2. ਕੀੜੀਆਂ ਕਦੇ ਸੌਂਦੀਆਂ ਨਹੀਂ ਹਨ।
3. ਦੁਨੀਆਂ ਦੀ ਸਭ ਤੋਂ ਤਿੱਖੀ ਮਿਰਚ ਇੰਨੀ ਤਿੱਖੀ ਹੁੰਦੀ ਹੈ ਕਿ ਜਿਸ ਨੂੰ ਖਾਣ ਨਾਲ ਮੌਤ ਹੋ ਸਕਦੀ ਹੈ।
4. ਕਿਰਲੀ ਦਾ ਦਿਲ ਇਕ ਮਿੰਟ ਵਿਚ 1000 ਬਾਰ ਧੜਕਦਾ ਹੈ।
5. ਦੁਨੀਆਂ ਦਾ ਸਭ ਤੋਂ ਪਹਿਲਾਂ ਕੰਪਿਊਟਰ ਵਾਇਰਸ ਪਾਕਿਸਤਾਨ ਦੇ ਦੋ ਭਰਾਵਾਂ ਨੇ ਬਣਾਇਆ ਸੀ।
6. ਦੁਨੀਆਂ ਦੇ ਪਹਿਲੇ ਕੈਮਰੇ ਵਿਚ ਫੋਟੋ ਖਿਚਵਾਉਣ ਲਈ ਵਿਅਕਤੀ ਨੂੰ ਅੱਠ ਘੰਟੇ ਦਾ ਇੰਤਜ਼ਾਰ ਕਰਨਾ ਪੈਂਦਾ ਸੀ।
7. ਸ਼ਤਰੰਜ ਦੀ ਖੋਜ ਭਾਰਤ ਵਿਚ ਹੋਈ ਸੀ।
8. ਅੰਗਰੇਜ਼ੀ ਵਿਚ 1 ਤੋਂ ਲੈ ਕੇ 999 ਤੱਕ ਗਿਣਤੀ ਲਿਖਣ ਵੇਲੇ 1 ਕਿਸੇ ਵੀ ਸ਼ਬਦ ਵਿਚ ਨਹੀਂ ਆਉਂਦੀ।
9. ਸ਼ੁਤਰਮੁਰਗ ਦੀਆਂ ਅੱਖਾਂ ਉਸ ਦੇ ਦਿਮਾਗ਼ ਵਿਚ ਵੜੀਆਂ ਹੁੰਦੀਆਂ ਹਨ।
10. ਸਿੰਘਾਪੁਰ ਵਿਚ ਇੱਕ ਵੀ ਖੇਤ ਨਹੀਂ ਹੈ।
11. ਸਤਰੰਗੀ ਪੀਂਘ ਅਸਲ ਵਿਚ ਪੂਰੀ ਤਰ੍ਹਾਂ ਗੋਲ ਹੁੰਦੀ ਹੈ ਪਰ ਜ਼ਮੀਨ ਤੋਂ ਇਹ ਅੱਧੀ ਦਿਖਾਈ ਦਿੰਦੀ ਹੈ।
12. Exams ਦੀ ਸ਼ੁਰੂਆਤ Henry Fischel ਨੇ ਕੀਤੀ ਸੀ।
13. ਔਕਟੋਪਸ ਦੇ ਤਿੰਨ ਦਿਲ ਹੁੰਦੇ ਹਨ।
14. ਰਬੜ ਦੀ ਖੋਜ ਤੋਂ ਪਹਿਲਾਂ ਪੈਨਸਿਲ ਨੂੰ ਬਰੈੱਡ ਨਾਲ ਮਿਟਾਇਆ ਜਾਂਦਾ ਸੀ।

# ਨਵੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

॥ ਵਾਹਿਗੁਰੂ ਜੀ ਕਾ ਖਾਲਸਾ॥

॥ ਵਾਹਿਗੁਰੂ ਜੀ ਕੀ ਫਤਹਿ॥

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਨਵੰਬਰ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ :-

ਨਵੰਬਰ ਮਹੀਨੇ ਦੀ ਕੁੱਲ ਆਮਦਨ - 8,46,727.00/- ਰੁਪਏ

ਨਵੰਬਰ ਮਹੀਨੇ ਦਾ ਕੁੱਲ ਖਰਚਾ - 5,29,202.82/- ਰੁਪਏ

2. **ਨਵੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 16.11.2025 ਨੂੰ ਮੱਘਰ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ-ਭਾਵ ਨਾਲ ਮਨਾਇਆ ਗਿਆ। ਇਸ ਵਾਰੀ ਸੰਗਤਾਂ ਵਿਚ ਪਹਿਲਾਂ ਨਾਲੋਂ ਵਾਧੂ ਉਤਸਾਹ ਦੇਖਿਆ ਗਿਆ ਅਤੇ ਸੰਗਤਾਂ ਦੀ ਗਿਣਤੀ ਵੀ ਪਹਿਲਾਂ ਨਾਲੋਂ ਜ਼ਿਆਦਾ ਸੀ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰੱਸਭਿੰਨਾਂ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਇਸ ਪ੍ਰਧਾਨ ਹੈ. ਕੁ. ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਹਰ ਸੰਗਰਾਂਦ ਦੇ ਦਿਹਾੜੇ ਤੇ ਵੱਧ-ਚੜ੍ਹ ਕੇ ਹਾਜ਼ਰੀ ਭਰਨ ਲਈ ਉਤਸਾਹਿਤ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਡੈਂਟਲ ਕਲੀਨਿਕ ਦਾ ਕੰਮ ਬਹੁਤ ਹੀ ਸ਼ਲਾਘਾਂਯੋਗ ਢੰਗ ਨਾਲ ਅਤੇ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਚੰਗੀ ਗਿਣਤੀ ਵਿਚ ਮਰੀਜ਼ ਭਵਨ ਵਿਖੇ ਚਲ ਰਹੇ ਡੈਂਟਲ ਕਲੀਨਿਕ ਦੀਆਂ ਸੇਵਾਵਾਂ ਤੋਂ ਲਾਹਾ ਲੈ ਰਹੇ ਹਨ।

4. **ਨਗਰ ਕੀਰਤਨ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 03 ਨਵੰਬਰ 2025 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ ਸੈਕਟਰ-19ਡੀ ਦੇ ਗੁਰਦੁਆਰਾ ਸਾਹਿਬ ਤੋਂ ਇਕ ਨਗਰ ਕੀਰਤਨ ਆਰੰਭ ਕੀਤਾ ਗਿਆ। ਜਿਸ ਲਈ ਸਾਡੇ ਲੁਬਾਣਾ ਭਵਨ ਦੇ ਗੇਟ ਦੇ ਸਾਹਮਣੇ ਚਾਹ-ਪਾਣੀ ਅਤੇ ਲੰਗਰ ਲਗਾਏ ਗਏ। ਇਸ ਤੋਂ ਇਲਾਵਾ ਨਗਰ ਕੀਰਤਨ ਵਿਚ ਪੰਜ ਪਿਆਰਿਆਂ ਅਤੇ ਨਾਲ ਆਏ ਹੋਏ ਕਈ ਪਤਵੰਤੇ ਸੱਜਣਾਂ ਨੂੰ ਸਾਡੇ ਭਵਨ ਵਲੋਂ ਸਨਮਾਨਿਤ ਕੀਤਾ ਗਿਆ।

5. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਸੈਕਟਰ-30ਏ, ਚੰਡੀਗੜ੍ਹ ਵਿਖੇ ਵਰਕਿੰਗ ਕਮੇਟੀ ਦੀ ਮੀਟਿੰਗ ਮਿਤੀ 29.11.2025 ਦਿਨ ਸ਼ਨੀਵਾਰ ਨੂੰ ਕਾਨਫ਼ਰੰਸ ਹਾਲ ਵਿਚ ਹੋਈ। ਜਿਸ ਵਿਚ ਮਾਨਯੋਗ ਮੈਂਬਰਾਂ ਨੇ ਸਮੇਂ ਸਿਰ ਆਪਣੀ ਹਾਜ਼ਰੀ ਭਰੀ। ਏਜੰਡੇ ਦੇ ਮੁਤਾਬਿਕ ਮੀਟਿੰਗ ਦੀ ਸ਼ੁਰੂਆਤ ਮੂਲ-ਮੰਤਰ ਦੇ ਜਾਪ ਨਾਲ ਕੀਤੀ ਗਈ । ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਜੀ ਨੇ ਮੀਟਿੰਗ ਵਿਚ ਹਾਜ਼ਰ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਵੱਡਮੁੱਲੇ ਵਿਚਾਰ ਆਏ ਹੋਏ ਮੈਂਬਰਾਂ ਨਾਲ ਸਾਂਝੇ ਕੀਤੇ । ਜਨਰਲ ਸਕੱਤਰ ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਨੇ ਪਿਛਲੀ ਮੀਟਿੰਗ ਦੀ ਕਾਰਵਾਈਆਂ ਦੀ ਰਿਪੋਰਟ ਸਾਰੇ ਮੈਂਬਰਾਂ ਨੂੰ ਪੜ੍ਹ ਕੇ ਸੁਣਾਈ ਜਿਸ ਲਈ ਪ੍ਰਧਾਨ ਜੀ ਅਤੇ ਮੀਟਿੰਗ ਵਿਚ ਹਾਜ਼ਰ ਹੋਏ

ਮੈਂਬਰਾਂ ਨੇ ਆਪਣੀ ਸੰਪੂਰਨ ਸਹਿਮਤੀ ਜਤਾਈ। ਏਜੰਡੇ ਦੇ ਮੁਤਾਬਿਕ ਸ. ਸੁਰਜੀਤ ਸਿੰਘ, ਵਿੱਤ ਸਕੱਤਰ ਨੇ ਮੀਟਿੰਗ ਵਿਚ ਲੁਬਾਣਾ ਫ਼ਾਊਂਡੇਸ਼ਨ ਦੇ 01 ਅਪ੍ਰੈਲ 2025 ਤੋ ਲੈ ਕੇ 28 ਨਵੰਬਰ 2025 ਤੱਕ ਦੀ ਵਿੱਤੀ ਜਾਣਕਾਰੀ ਦਿੱਤੀ, ਜਿਸ ਤੇ ਪ੍ਰਧਾਨ ਜੀ ਸਮੇਤ ਸਾਰਿਆਂ ਨੇ ਸੰਪੂਰਨ ਸੰਤੁਸ਼ਟੀ ਜਤਾਈ ਗਈ । ਏਜੰਡੇ ਦੇ ਮੁਤਾਬਿਤ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਸਾਲ 2024-25 ਦੇ ਸਕਾਲਰਸ਼ਿਪਾਂ ਦੀ ਅਦਾਇਗੀ ਦੀ ਸੰਪੂਰਨ ਰਿਪੋਰਟ ਵੀ ਪੇਸ਼ ਕੀਤੀ ਗਈ । ਇਸ ਦੇ ਨਾਲ ਹੀ ਆਡਿਟੋਰਿਅਮ ਦੀ ਸਟੇਜ ਦੀ ਨਵੀਆਂ ਟਾਇਲਾਂ ਲਗਵਾਉਣ ਅਤੇ ਭਵਨ ਦੀ ਵਾਟਰ-ਪਰੂਫ਼ਿੰਗ ਦੀ ਰਿਪੋਰਟ ਨੂੰ ਵਿਸਤਾਰ ਵਿਚ ਪੇਸ਼ ਕੀਤਾ ਗਿਆ। ਇਸ ਮੀਟਿੰਗ ਵਿਚ ਲੁਬਾਣਾ ਭਵਨ ਵਿਖੇ ਲੋੜ ਨੂੰ ਦੇਖਦੇ ਹੋਏ ਇਕ ਨਵਾਂ 58.5 ਕੇ.ਵੀ.ਏ. ਦਾ ਡੀ.ਜੀ. ਸੈਟ ਇਕ ਸਬ-ਕਮੇਟੀ ਦੇ ਤਹਿਤ ਸਾਰੀ ਕੁਟੇਸ਼ਨਾਂ ਚੈਕ ਕਰਨ ਉਪਰੰਤ ਆਰਡਰ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਭਾਈ ਮਨੀ ਸਿੰਘ ਬਲਾਕ ਦੇ ਰਿਹਾਇਸ਼ੀ ਕਮਰਿਆਂ ਦੇ ਕਿਰਾਏ ਦੀ ਕੀਮਤ ਘਟਾ ਦਿੱਤੀ ਗਈ ਜਿਸ ਵਿੱਚ ਡਬਲ-ਬੈਡਰੂਮ ਦਾ ਕਿਰਾਇਆ 1300/- ਰੁਪਏ ਅਤੇ ਡੋਰਮੈਟਰੀ ਰੂਮ ਦਾ ਕਿਰਾਇਆ 1800/ ਰੁਪਏ ਕੀਤਾ ਗਿਆ। ਕਾਫ਼ੀ ਵਿਚਾਰ ਕਰਨ ਉਪਰੰਤ ਇਸ ਫ਼ੈਸਲੇ ਤੇ ਪ੍ਰਧਾਨ ਜੀ ਨੇ ਆਪਣੀ ਪ੍ਰਵਾਵਗੀ ਦਿੱਤੀ । ਇਸ ਤਰ੍ਹਾਂ ਏਜੰਡੇ ਦੇ ਸਾਰੇ ਮੁੱਦਿਆਂ 'ਤੇ ਗੰਭੀਰ ਚਰਚਾ, ਵਿਚਾਰ ਅਤੇ ਬਣਦੇ ਫ਼ੈਸਲੇ ਲੈਣ ਉਪਰੰਤ ਮੀਟਿੰਗ ਸਾਰਿਆਂ ਦੀ ਸਹਿਮਤੀ ਨਾਲ ਸਮਾਪਤ ਕੀਤੀ ਗਈ।

**6. ਮੈਰਿਟ ਕਮ ਮੀਨਜ਼ ਸਕਾਲਰਸ਼ਿਪ -** ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.) ਸੈਕਟਰ-30ਏ, ਚੰਡੀਗੜ੍ਹ ਵਲੋਂ ਸਾਲ 2025-26 ਦੇ ਅਧੀਨ ਮੈਰਿਟ ਕਮ ਮੀਨਸ ਸਕਾਲਰਸ਼ਿਪ ਸਕੀਮ ਦੇ ਅਧੀਨ ਬਿਨੈ-ਪੱਤਰ ਫ਼ਾਰਮ ਲੁਬਾਣਾ ਸੇਵਕ ਮੈਗਜ਼ੀਨ ਵਿਚ ਲਗਾਤਾਰ ਛਾਪਿਆ ਜਾ ਰਿਹਾ ਹੈ। ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਦੀ ਵਿੱਦਿਆ ਨੂੰ ਮੁੱਖ ਰਖਦੇ ਹੋਏ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਤੁਸੀਂ ਆਪਣੇ ਬਿਨੈ-ਪੱਤਰ ਲੁਬਾਣਾ ਭਵਨ ਦੇ ਦਫ਼ਤਰ ਵਿਚ ਪੂਰੇ ਦਸਤਾਵੇਜ਼ਾਂ ਨਾਲ ਸਵੇਰ 9 ਵਜੇ ਤੋਂ ਲੈ ਕੇ ਸ਼ਾਮ ਨੂੰ 5 ਵਜੇ ਤੱਕ ਭਵਨ ਦੇ ਦਫ਼ਤਰ ਵਿੱਚ ਜਮਾਂ ਕਰਵਾ ਸਕਦੇ ਹੋ। ਉਕਤ ਸਕਾਲਰਸ਼ਿਪ ਸਕੀਮ ਦੇ ਫ਼ਾਰਮ ਦੀ ਕਾਪੀ ਤੁਸੀਂ ਲੁਬਾਣਾ ਭਵਨ ਦੇ ਮੋਬਾਇਲ ਨੰਬਰ 73470-65188 ਤੇ ਕਾਲ ਕਰਕੇ ਜਾਂ ਵਟਸ-ਐਪ, ਈ-ਮੇਲ ਰਾਹੀ ਪੀ.ਡੀ.ਐਫ਼ ਕਾਪੀ ਵੀ ਪ੍ਰਾਪਤ ਕਰ ਸਕਦੇ ਹੋ।

**7. ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ -** ਭਵਨ ਦੀ 'ਫ਼ਾਇਰ-ਫ਼ਾਇਟਿੰਗ ਦੀ ਮੌਜੂਦਾ ਸਥਿਤੀ' ਬਾਰੇ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਜਾਣਕਾਰੀ ਦਿੱਤੀ ਗਈ ਕਿ ਭਵਨ ਦੀ ਫ਼ਾਇਰ-ਫ਼ਾਇਟਿੰਗ ਦੀ ਸਥਿਤੀ ਪਹਿਲਾਂ ਵਰਗੀ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ ਅਤੇ ਇਸ ਵਿੱਚ ਕੋਈ ਤਾਜ਼ਾ ਬਦਲਾਵ ਨਹੀਂ ਆਇਆ ਹੈ। ਮੌਜੂਦਾ ਸਥਿਤੀ ਜਿਵੇਂ ਸੀ, ਉਹੀ ਹੈ ਅਤੇ ਇਸ ਸੰਬੰਧ ਵਿੱਚ ਕੋਈ ਨਵੀਆਂ ਪ੍ਰਗਤੀਆਂ ਨਹੀਂ ਹੋਈਆਂ ਹਨ ।

**8. ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ -** ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਦੇ ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ ਚੀਫ਼ ਆਰਕੀਟੈਕ, ਚੰਡੀਗੜ੍ਹ ਨਾਲ ਦੁਬਾਰਾ ਸੰਪਰਕ ਕੀਤਾ ਗਿਆ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਉਹਨਾਂ ਵਲੋਂ ਉੱਤਰ ਵੀ ਜਲਦੀ ਹੀ ਆਇਗਾ ।

**9. ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ -**

**(ੳ)** ਭਵਨ ਵਿਖੇ ਮੇਨ ਆਡਿਟੋਰੀਅਮ ਦੀ ਸਟੇਜ ਉੱਪਰ ਨਵੀਆਂ ਟਾਇਲਾਂ ਲਗਾਉਣ ਦਾ ਕੰਮ ਹੁਣ ਸੰਪੂਰਨ ਤੌਰ ਤੇ ਮੁਕੰਮਲ ਕਰ ਲਿਆ ਗਿਆ ਹੈ ।

(ਅ) ਲੁਬਾਣਾ ਭਵਨ ਵਿਖੇ ਭਾਈ ਮਨੀ ਸਿੰਘ ਬਲਾਕ ਦੀ ਤੀਸਰੀ ਮੰਜ਼ਿਲ ਵਿੱਚ ਬਣੇ ਹੋਏ ਰਿਹਾਇਸ਼ੀ ਕਮਰਿਆਂ ਵਿੱਚ ਕਮਰੇ ਅਤੇ ਉਸ ਨਾਲ ਅਟੈਚ ਬਾਥਰੂਮਾਂ ਦੇ ਸ਼ੀਸ਼ੇ ਜੋ ਕਿ ਕਾਫ਼ੀ ਪੁਰਾਣੇ ਹੋ ਚੁਕੇ ਸੀ ਅਤੇ ਜਿਸਨੂੰ ਬਦਲੀ ਕਰਨਾ ਬਹੁਤ ਜ਼ਰੂਰੀ ਹੋ ਗਿਆ ਸੀ। ਰਿਹਾਇਸ਼ੀ ਕਮਰਿਆਂ ਦੇ ਸਾਰੇ ਸ਼ੀਸ਼ੇ ਹੁਣ ਬਦਲੀ ਕੀਤੇ ਜਾ ਚੁੱਕੇ ਹਨ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਸ੍ਰੀ ਹੇਮਕੁੰਟ ਸਾਹਿਬ** : ਇਹ ਪਵਿੱਤਰ ਅਸਥਾਨ ਗੋਬਿੰਦ ਧਾਮ ਤੋਂ ਪੰਜ ਕਿਲੋਮੀਟਰ ਦੂਰ ਅਤੇ ਸਤਿਹ ਸਮੁੰਦਰ ਤੋਂ 15200 ਫੁੱਟ ਦੀ ਉਚਾਈ ਤੇ ਹੈ। ਅਸੀਂ 7 ਜੁਲਾਈ ਨੂੰ ਸਵੇਰੇ ਯਾਤਰਾ ਦੇ ਅੰਤਿਮ ਪੜਾਅ ਤੇ ਘੋੜੇ ਲੈ ਕੇ ਚਲ ਪਏ। ਇਹ ਰਸਤਾ ਬਹੁਤ ਹੀ ਕਠਨ ਚੜ੍ਹਾਈ ਵਾਲਾ ਹੈ। ਜਿਥੇ ਹਰ ਕਦਮ ਤੇ ਤੁਹਾਨੂੰ ਉਪਰ ਹੀ ਉਪਰ ਜਾਣਾ ਹੁੰਦਾ ਹੈ ਅਤੇ ਪੱਧਰਾ ਚਲਣ ਲਈ ਕੋਈ ਥਾਂ ਨਹੀਂ। ਘੋੜੇ ਤੇ ਵੀ ਡਿਗਣ ਦਾ ਡਰ ਲੱਗਾ ਰਹਿੰਦਾ ਹੈ। ਘੋੜੇ ਡੂੰਘੀ ਖਾਈ ਵਾਲੇ ਪਾਸੇ ਐਨ ਸਿਰੇ ਤੇ ਚਲਦੇ ਹਨ। ਘੋੜੇ ਵਾਲਾ ਵੀ ਗੁਰਦੁਆਰਾ ਸਾਹਿਬ ਤੋਂ ਦੋ ਕਿਲੋਮੀਟਰ ਉਰੇ ਪੈਂਦੇ ਬਰਫ ਦੇ ਗਲੇਸ਼ੀਅਰ ਕੋਲ ਹੀ ਸਵਾਰੀ ਨੂੰ ਉਤਾਰ ਦੇਂਦਾ ਹੈ ਅਤੇ ਇਸ ਤੋਂ ਅੱਗੇ ਸਾਰਿਆਂ ਨੂੰ ਦੋ ਕਿਲੋਮੀਟ ਪੈਦਲ ਚੱਲਣਾ ਪੈਂਦਾ ਹੈ। ਇਹ ਇਕ ਕਮਰ ਤੋੜਨ ਵਾਲੀ ਚੜ੍ਹਾਈ ਹੈ। ਏਨੀ ਉਚਾਈ ਤੇ ਹਵਾ ਵਿਚ ਆਕਸੀਜਨ ਦੀ ਮਾਤਰਾ ਘੱਟ ਹੋਣ ਕਰਕੇ ਥੋੜ੍ਹੇ ਕਦਮ ਚਲ ਕੇ ਸਾਹ ਫੁਲ ਜਾਂਦਾ ਹੈ ਅਤੇ ਸਧਾਰਨ ਯਾਤਰੀ ਨੂੰ ਰੁਕ ਰੁਕ ਕੇ ਮੂੰਹ ਵਿਚ ਗੁਲੂਕੋਜ਼ ਆਦਿ ਵਰਗੀ ਕੋਈ ਚੀਜ਼ ਪਾਉਣੀ ਪੈਂਦੀ ਹੈ ਅਤੇ ਵਾਹਿਗੁਰੂ ਵਾਹਿਗੁਰੂ ਕਹਿੰਦਿਆਂ ਅਗਲਾ ਕਦਮ ਪੁੱਟਣਾ ਪੈਂਦਾ ਹੈ। ਮੈਨੂੰ 70 ਸਾਲ ਦੀ ਉਮਰ ਵਿਚ ਹੌਲੀ-ਹੌਲੀ ਉਪਰ ਜਾਂਦਿਆਂ ਨੂੰ ਵੇਖ ਕੇ ਇਕ ਹੋਰ ਯਾਤਰੀ ਨੇ ਕਿਹਾ ਸੀ ਕਿ ਤੁਹਾਨੂੰ ਅੱਜ ਤੋਂ ਦਸ ਪੰਦਰਾਂ ਸਾਲ ਪਹਿਲਾਂ ਇਸ ਯਾਤਰਾ ਤੇ ਆਉਣਾ ਚਾਹੀਦਾ ਸੀ। ਅੱਧੀ ਵਾਟ ਚਲ ਕੇ ਜੰਗਲ ਖਤਮ ਹੋ ਜਾਂਦਾ ਹੈ ਅਤੇ ਅੱਗੇ ਬਸੰਤੀ ਰੰਗ ਦੇ ਬ੍ਰਹਮ ਕੰਵਲ ਦਾ ਖਿੱਤਾ ਸ਼ੁਰੂ ਹੋ ਜਾਂਦਾ ਹੈ। ਇਹ ਕੰਵਲ ਦੇ ਫੁਲ ਪਾਣੀ ਵਿਚ ਨਹੀਂ ਸਗੋਂ ਪਰਬਤ ਵਿਚ ਉਗੇ ਹੋਏ ਹਨ। ਅੰਤ ਵਿਚ ਕਾਫੀ ਪੌੜੀਆਂ ਚੜ੍ਹ ਕੇ ਅਸੀਂ ਪਵਿੱਤਰ ਤਪ ਅਸਥਾਨ ਅਤੇ ਸਰੋਵਰ ਤੇ ਪਹੁੰਚ ਜਾਂਦੇ ਹਾਂ। ਜਿੱਥੇ ਦੁਸ਼ਟ ਰਾਖਸ਼ਾਂ ਦਾ ਨਾਸ ਕਰਕੇ 'ਦੁਸ਼ਟ ਦਮਨ' ਜੀ ਨੇ ਪੂਰਬਲੇ ਜਨਮ ਵਿਚ ਬੈਠ ਕੇ ਤਪ ਕੀਤਾ ਸੀ ਅਤੇ ਆਪ ਪ੍ਰਭੂ ਨਾਲ ਅਭੇਤ ਹੋ ਗਏ ਸਨ।

ਇਸ ਅਸਥਾਨ ਤੇ ਇਕ ਉਲਟੇ ਕੰਵਲ ਫੁੱਲ ਦੇ ਡਿਜ਼ਾਇਨ ਵਾਲਾ ਸੁੰਦਰ ਦੋ ਮੰਜ਼ਲਾ ਗੁਰਦੁਆਰਾ ਸਾਹਿਬ ਹੈ। ਇਸ ਦੇ ਨਾਲ ਹੀ ਸੀਤਲ ਅੰਮ੍ਰਿਤ ਕੁੰਡ ਹੈ ਜੋ ਢਾਈ ਵਰਗ ਮੀਲ ਵਿਚ ਹੈ, ਜਿਸ ਦੇ ਤਿੰਨ ਪਾਸੇ ਸਪਤ ਸ੍ਰਿੰਗ ਦੀਆਂ ਉਚੀਆਂ ਬਰਫ਼ ਨਾਲ ਲੱਦੀਆਂ ਚੋਟੀਆਂ ਹਨ। ਹਰ ਕੋਈ ਯਾਤਰੀ ਚੜ੍ਹਾਈ ਚੜ੍ਹਨ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਸਤਿਨਾਮੁ ਵਾਹਿਗੂ ਦਾ ਸਿਮਰਨ ਕਰਦਾ, ਇਸ ਸੀਤਲ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਜਲ ਏਨਾ ਠੰਡਾ ਹੈ ਕਿ ਮੁਸ਼ਕਲ ਨਾਲ ਇਕ ਟੁਭਾ ਹੀ ਲੱਗਦਾ ਹੈ। ਸਫ਼ਰ ਦੀ ਸਾਰੀ ਥਕਾਨ ਦੂਰ ਹੋ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰ ਗ੍ਰੰਥ ਸਾਹਿਬ ਦਾ ਪ੍ਰਕਾਸ਼ ਚੰਦਨ ਦੀ ਪਾਲਕੀ ਵਿਚ ਹੁੰਦਾ ਹੈ। ਬਿਜਲੀ ਨਾ ਹੋਣ ਕਰਕੇ ਰੋਸ਼ਨੀ ਦੇਸੀ ਘਿਉ ਦੀ ਜੋਤ ਨਾਲ ਕੀਤੀ ਜਾਂਦੀ ਹੈ। ਪ੍ਰਸ਼ਾਦ ਕਾਜੂ, ਮੇਵੇ, ਸੌਂਗੀ ਅਤੇ ਪਿੰਨੀ ਦਾ ਹੁੰਦਾ ਹੈ। ਆਲੇ-ਦੁਆਲੇ ਦੀਆਂ ਬਰਫਾਨੀ ਚੋਟੀਆਂ ਤੇ ਕੇਸਰੀ ਨਿਸ਼ਾਨ ਸਾਹਿਬ ਝੁਲ ਰਹੇ ਹਨ। ਗਰਮ ਗਰਮ ਚਾਹ ਦੇ ਲੰਗਰ ਨਾਲ ਠੰਡ ਕੁਝ ਦੂਰ ਹੁੰਦੀ ਹੈ। ਏਥੇ ਸਰਦੀ ਜ਼ਿਆਦਾ ਹੋਣ ਕਰਕੇ ਅਤੇ ਹਵਾ ਵਿਚ ਆਕਸੀਜਨ ਬਹੁਤ ਘੱਟ ਹੋਣ ਕਰਕੇ ਯਾਤਰੀ ਸ਼ਾਮ ਤੱਕ ਵਾਪਸ ਗੋਬਿੰਦ ਧਾਮ ਪਹੁੰਚ ਕੇ ਬਿਸਰਾਮ ਕਰਦੇ ਹਨ। ਹਰ ਸਾਲ ਲਗਭਗ ਤੀਹ ਹਜ਼ਾਰ ਤੋਂ ਵੱਧ ਯਾਤਰੀ ਇਸ ਪਾਵਨ ਤੱਪ ਅਸਥਾਨ ਦੀ ਯਾਤਰਾ ਕਰਦੇ ਹਨ। ਇਹ ਯਾਤਰਾ 15 ਜੂਨ ਤੋਂ 15 ਜੁਲਾਈ ਤੱਕ ਕੀਤੀ ਜਾ ਸਕਦੀ ਹੈ। ਅਸੀਂ ਤਾਂ ਘੋੜਿਆਂ ਤੇ ਸ਼ਾਮ ਹਨ੍ਹੇਰਾ ਪੈਣ ਤੱਕ ਗੁਰਦੁਆਰਾ ਸਾਹਿਬ ਗੋਬਿੰਦ ਘਾਟ ਹੀ ਪਹੁੰਚ ਗਏ। ਅਗਲੇ ਦਿਨ 8 ਜੁਲਾਈ ਨੂੰ ਗੋਬਿੰਦ ਘਾਟ ਤੋਂ ਚਲ ਕੇ ਰਾਤ ਨੂੰ ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਬਿਸਰਾਮ ਕੀਤਾ। 9 ਜੁਲਾਈ 1995 ਨੂੰ ਕਾਰ ਤੇ ਸ਼ਾਮ ਤੱਕ ਕਪੂਰਥਲੇ ਘਰ ਵਾਪਿਸ ਆ ਗਏ। ਰਾਹ ਵਿਚੋਂ ਇਕ ਤਿਆਰ ਮੋਟੇ ਅੰਬਾਂ ਦੀ ਪੇਟੀ ਘਰ ਲਈ ਲੈ ਆਏ।

3. **ਇਕ ਗਰਮੀ ਰੁੱਤ ਦੀ ਕਸ਼ਮੀਰ ਯਾਤਰਾ :**

ਕਸ਼ਮੀਰ ਸਰ ਜ਼ਮੀਨ ਬਾਰੇ ਇਕ ਫ਼ਾਰਸੀ ਕਥਨ ਹੈ :-

ਗਰਫਰਦੋਸ ਬਰ ਰੂਏ ਜ਼ਮੀਂ ਅਸਤ, ਹਮੀ ਅਸਤੋ, ਹਮੀ ਅਸਤੋ, ਹਮੀ ਅਸਤ।

ਅਰਥਾਤ ਜੇ ਸਵਰਗ ਧਰਤੀ ਤੇ ਹੈ, ਤਾਂ ਇਹੀ ਹੈ, ਇਹੀ ਹੈ।

ਬੱਚਿਆਂ ਦੇ ਉੱਦਮ ਅਤੇ ਪ੍ਰੇਰਨਾ ਸਦਕਾ 50 ਸਾਲਾਂ ਬਾਅਦ ਇਕ ਵਾਰ ਫੇਰ ਜੂਨ, 2004 ਵਿਚ ਇਸ ਧਰਤੀ ਤੇ ਸਵਰਗ ਦੀ ਇਕ ਸਪਤਾਹ ਲਈ ਯਾਤਰਾ ਤੇ ਜਾਣ ਦਾ ਅਵਸਰ ਮਿਲਿਆ। ਇਸ ਤੋਂ ਪਹਿਲਾਂ 1954 ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਦੇ ਇਕ ਅਜ਼ੀਜ਼ ਵਿਦਿਆਰਥੀ ਸਤਵੰਤ ਸਿੰਘ ਦੇ ਵੀਰ ਜੀ ਸ. ਗੁਰਿੰਦਰ ਸਿੰਘ ਸੇਖੋਂ ਆਪਣੀ ਇਕ ਵੱਡੀ ਖੁਲ੍ਹੀ ਜੀਪ ਵਿਚ ਸਾਨੂੰ ਛੇ ਜਣਿਆਂ ਨੂੰ ਆਪਣੇ ਨਾਲ ਕਸ਼ਮੀਰ ਲੈ ਗਏ ਅਤੇ ਸਾਰੀ ਵਾਦੀ ਦੀ ਸੈਰ ਕਰਵਾਈ ਸੀ।

ਇਸ ਵਾਰ ਇਹ ਦੂਜੀ ਯਾਤਰਾ ਸਾਲ 2004 ਦੀਆਂ ਗਰਮੀਆਂ ਵਿਚ 24 ਤੋਂ 29 ਜੂਨ ਤੱਕ ਕੀਤੀ ਗਈ। ਇਸ ਵਿਚ ਸੁਰਿੰਦਰ ਅਤੇ ਜਸਵਿੰਦਰ ਦੇ ਪਰਿਵਾਰਾਂ ਸਮੇਤ ਦੋ ਕਾਰਾਂ ਵਿਚ ਅਸੀਂ ਦਸ ਮੈਂਬਰ ਸਾਂ। ਛੁੱਟੀ ਤੇ ਆਏ ਕਰਨਲ ਪਰਮਜੀਤ ਸਿੰਘ ਦੇ ਨਾਲ ਹੋਣ ਕਰਕੇ ਗੈਰ ਸਰਕਾਰੀ ਸੁਰੱਖਿਆ ਦੇ ਅਹਿਸਾਸ ਨੇ

ਅੱਤਵਾਦ ਦੀਆਂ ਖ਼ਬਰਾਂ ਦਾ ਡਰ ਕੁਝ ਘੱਟ ਕਰ ਦਿੱਤਾ ਸੀ। ਇਸ ਸਾਲ ਅਤਿ ਦੀ ਗਰਮੀ ਅਤੇ ਚਲਦੀ ਲੂ ਨਾਲ ਝੁਲਸੀਆਂ ਅੱਖਾਂ ਨੂੰ ਜ਼ੋਰ ਨਾਲ ਵਗਦੇ ਪਾਣੀ ਨੂੰ ਵੇਖ ਕੇ ਬੜੀ ਰਾਹਤ ਮਿਲੀ। ਇਹ ਮਾਧੋਪੁਰ ਦਾ ਹੈਡ ਵਰਕਸ ਸੀ ਜਿਥੇ ਦਰਿਆ ਰਾਵੀ ਤੋਂ ਬਾਰੀ ਦੁਆਬ ਨਹਿਰਾਂ ਨਿਕਲਦੀਆਂ ਹਨ ਅਤੇ ਜਿਸ ਦੇ ਸੁੰਦਰ ਪਿਕਨਿਕ ਰੀਜ਼ਾਰਟ ਤੇ ਸਾਡਾ ਕਾਫਲਾ ਲੇਟ ਲੰਚ ਲਈ ਰੁਕਿਆ ਸੀ। ਹੈਡ ਵਰਕਸ ਦੇ ਗੇਟਾਂ ਦੀ ਮੁਰੰਮਤ ਆਦਿ ਠੀਕ ਤਰ੍ਹਾਂ ਨਾ ਹੋਣ ਕਰਕੇ ਰਾਵੀ ਦਰਿਆ ਦਾ ਵੱਡੀ ਮਾਤਰਾ ਵਿਚ ਵੱਡਮੁੱਲਾ ਪਾਣੀ ਪਾਕਿਸਤਾਨ ਨੂੰ ਜਾਂਦਾ ਆਪਣੀ ਅੱਖੀਂ ਵੇਖ ਕੇ ਬੜਾ ਦੁੱਖ ਹੋਇਆ।

**ਊਧਮਪੁਰ ਕੈਂਟ** : ਮਾਧੋਪੁਰ ਬੈਰੀਅਰ ਦੇ ਨਾਲ ਲਗਦੇ, ਜੰਮੂ ਕਸ਼ਮੀਰ ਦੇ ਟੋਲ ਟੈਕਸ ਬੈਰੀਅਰ ਦੇ ਗੇਟਾਂ ਤੇ ਲੱਗੇ, ਵੱਡੇ-ਵੱਡੇ ਬੋਰਡ ਸਭ ਨੂੰ ਰਾਜ ਵਿਚ ਦਾਖਲ ਹੋਣ ਤੇ ਜੀ ਆਇਆਂ ਕਹਿੰਦੇ ਹਨ। ਨੈਸ਼ਨਲ ਹਾਈਵੇ ਨੰ:-1 ਏ ਤੇ ਚਲਦੇ ਹੋਏ ਜੰਮੂ ਪਹੁੰਚਣ ਤੋਂ ਕਾਫੀ ਪਹਿਲਾਂ ਮੁਖ ਸ਼ਾਹ ਰਾਹ ਨੂੰ ਛੱਡ ਕੇ ਸੱਜੇ ਹੱਥ ਜਾਂਦੀ ਸ਼ਾਰਟਕਟ ਸੜਕ ਤੇ ਹੋ ਲਏ ਅਤੇ ਸ਼ਾਮ ਤੱਕ ਊਧਮਪੁਰ ਕੈਂਟ ਪਹੁੰਚ ਗਏ। ਰਾਹ ਵਿਚ ਮਾਨਸਰ ਲੇਕ ਤੇ ਕੁਝ ਸਮਾਂ ਬਿਤਾਇਆ। ਉਹ ਇਕ ਧਾਰਮਿਕ ਜਲਗਾਹ ਮੰਨੀ ਗਈ ਹੈ। ਤਿੰਨ ਪਾਸੇ ਉਚੀਆਂ ਉਚੀਆਂ ਪਹਾੜੀਆਂ ਨਾਲ ਘਿਰੀ ਇਸ ਝੀਲ ਦਾ ਨੀਲੇ ਰੰਗ ਦਾ ਪਾਣੀ ਮੱਛੀਆਂ ਅਤੇ ਕੱਛੂਆਂ ਨੂੰ ਬੜਾ ਰਾਸ ਆਇਆ ਲੱਗਦਾ ਸੀ। ਉਥੋਂ ਹੀ ਲਏ ਆਟੇ ਦੀਆਂ ਗੋਲੀਆਂ ਝੀਲ ਦੇ ਪਾਣੀ ਵਿਚ ਬੱਚਿਆਂ ਵੱਲੋਂ ਸੁੱਟਣ ਤੇ ਇਹ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਲੜਦੇ ਚੰਗੇ ਲੱਗ ਰਹੇ ਸਨ। ਜੰਮੂ ਕਸ਼ਮੀਰ ਦੇ ਵਿਕਾਸ ਲਈ ਕੇਂਦਰ ਸਰਕਾਰ ਦੇ ਉਦਮਾਂ ਦਾ ਇਕ ਹੋਰ ਮੀਲ ਪੱਥਰ ਅਤੇ ਰੇਲ ਇੰਜੀਨੀਅਰਾਂ ਦਾ ਕਰਿਸ਼ਮਾ ਜੰਮੂ ਤੋਂ ਊਧਮਪੁਰ ਤੱਕ ਨਵੀਂ ਬਣੀ ਰੇਲ ਲਾਇਨ ਦਾ ਨਜ਼ਾਰਾ ਵੀ ਵੇਖਣ ਨੂੰ ਮਿਲਿਆ। ਅਣਗਿਣਤ ਸੁਰੰਗਾਂ ਅਤੇ ਪੁਲਾਂ ਤੋਂ ਲੰਘਦੀ ਇਸ ਰੇਲ ਪੱਟੜੀ ਨੂੰ ਚੁਕੀ ਰੱਖਣ ਵਾਲੇ ਕੁਝ ਪਿਲਰ ਤਾਂ ਸੌ ਫੁੱਟ ਤੋਂ ਵੱਧ ਉਚੇ ਲੱਗਦੇ ਸਨ। ਅੱਧ ਅਸਮਾਨੇ ਲਟਕ ਰਹੀ ਇਸ ਰੇਲ ਲਾਈਨ ਨੂੰ ਵੇਖ ਵੇਖ ਡਰ ਲੱਗਦਾ ਸੀ। ਇਸ ਤੇ ਚਲਦੀ ਰੇਲ ਵਿਚ ਸਫ਼ਰ ਕਰਨ ਵਾਲੇ ਯਾਤਰੀਆਂ ਦਾ ਰੱਬ ਹੀ ਰਾਖਾ ਹੈ।

ਊਧਮਪੁਰ ਕੈਂਟ ਪਹੁੰਚਣ ਤੇ ਕਰਨਲ ਦੀ ਪਹਿਲਾਂ ਕਮਾਂਡ ਕੀਤੀ ਰਜਮੈਂਟ ਦੇ ਅਫ਼ਸਰਾਂ ਵੱਲੋਂ ਮੈੱਸ ਵਿਚ ਸਾਡਾ ਹਾਰਦਿਕ ਸਵਾਗਤ ਕੀਤਾ ਗਿਆ। ਗੈਸਟ ਹਾਊਸ ਦੇ ਖੁਲ੍ਹੇ ਕਮਰਿਆਂ ਵਿਚ ਠਹਿਰਨ ਦਾ ਪ੍ਰਬੰਧ ਬੜਾ ਆਰਾਮਦੇਹ ਸੀ, ਏਥੋਂ ਹੀ ਫ਼ੋਨ ਰਾਹੀਂ ਸ੍ਰੀਨਗਰ ਵਿਖੇ ਇਕ ਹੋਰ ਰਜਮੈਂਟ ਦੇ ਗੈਸਟ ਹਾਊਸ ਵਿਚ ਅਗਲੇ ਦਿਨਾਂ ਲਈ ਠਹਿਰਨ ਦਾ ਪ੍ਰਬੰਧ ਹੋ ਗਿਆ।

(**ਚਲਦਾ**)

● ● ●

# ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

● ● ●

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ
ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ
ਮੁੱਢ ਬੰਨ੍ਹਿਐ ਤੁਸੀਂ ਕਹਾਣੀਆਂ ਦਾ
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।

**-ਸੰਤ ਰਾਮ ਉਦਾਸੀ**

ਪੱਕਾ ਘੜਾ ਤੇਰਾ ਕਦ ਤੀਕਰ
ਪੱਕਾ ਵੀ ਹੋਣਾ ਠੀਕਰ ਠੀਕਰ
ਕੱਚੇ ਪੱਕੇ ਘਿਰ ਜਾਂਦੇ ਨੇ
ਜਦ ਆਉਂਦੀ ਮੰਝਧਾਰ
ਬਿਨਾਂ ਗੁਰ ਆਪਣੇ
ਤੈਨੂੰ ਕੌਣ ਲੰਘਾਵੇ ਪਾਰ

ਸੰਤ ਸੰਧੂ ('ਅਨੰਦਪੁਰ ਮੇਲ' 'ਚੋਂ)

# ਸ਼ਰਧਾਂਜ਼ਲੀ



ਲੁਬਾਣਾ ਬਰਾਦਰੀ ਦੇ ਮਹਾਨ ਦਾਰਸ਼ਨਿਕ, ਵਿੱਦਿਆਦਾਨੀ, ਸਮਾਜ ਸੁਧਾਰਕ ਅਤੇ ਲੁਬਾਣਾ ਕੌਮ ਦੇ ਮਾਰਗ ਦਰਸ਼ਕ ਪ੍ਰਿੰ. ਵਰਿਆਮ ਸਿੰਘ ਕਪੂਰਥਲਾ ਜੀ ਮਿਤੀ 23 ਨਵੰਬਰ 2025 ਨੂੰ ਆਪਣੀ ਸੰਸਾਰਕ ਯਾਤਰਾ ਦੇ 100 ਸਾਲ ਪੂਰੇ ਕਰਦੇ ਹੋਏ ਵਾਹਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਪ੍ਰਿੰ. ਵਰਿਆਮ ਸਿੰਘ ਜੀ ਦਾ ਜਨਮ 22 ਨਵੰਬਰ 1925 ਨੂੰ ਪਿਤਾ ਸ. ਗਹਿਣਾ ਸਿੰਘ ਅਤੇ ਮਾਤਾ ਸਰਦਾਰਨੀ ਅੱਛਰ ਕੌਰ ਦੇ ਗ੍ਰਹਿ ਵਿਖੇ, ਪਾਕਿਸਤਾਨ ਵਿੱਚ ਰਹਿ ਗਏ ਪਿੰਡ ਖੋਖਰਵਾਲੀ, ਤਹਿਸੀਲ ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਆਪ ਜੀ ਨੇ ਸਾਧਾਰਨ ਪਰਿਵਾਰ ਵਿਚ ਜਨਮ ਲੈ ਕੇ ਸਖ਼ਤ ਮਿਹਨਤ ਨਾਲ ਉੱਚ ਸਿੱਖਿਆ ਪ੍ਰਾਪਤ ਕੀਤੀ। ਕਈ ਸਰਕਾਰੀ ਅਤੇ ਗ਼ੈਰ ਸਰਕਾਰੀ ਮਾਨਤਾ ਪ੍ਰਾਪਤ ਕਾਲਜਾਂ ਵਿਚ ਪ੍ਰੋਫੈਸਰ ਅਤੇ ਗੁਰੂ ਨਾਨਕ ਪ੍ਰੇਮ ਕਰਮਸਰ ਖ਼ਾਲਸਾ ਕਾਲਜ ਨਡਾਲਾ, ਜ਼ਿਲ੍ਹਾ ਕਪੂਰਥਲਾ ਅਤੇ ਸਰਕਾਰੀ ਕਾਲਜ ਅਜਨਾਲਾ ਵਿਖੇ ਪ੍ਰਿੰਸੀਪਲ ਦੇ ਅਹੁਦੇ ਦੀਆਂ ਸੇਵਾਵਾਂ ਵੀ ਬਾਖ਼ੂਬੀ ਨਿਭਾਈਆਂ।

ਆਪ ਜੀ ਸਾਰੀ ਉਮਰ ਲੁਬਾਣਾ ਬਰਾਦਰੀ ਦੇ ਵਿੱਦਿਅਕ ਪੱਧਰ ਨੂੰ ਉੱਚਾ ਕਰਨ ਅਤੇ ਵੱਖ-ਵੱਖ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਾਲੀਆਂ ਲਗਭਗ ਹਰ ਸੁਧਾਰ ਕਮੇਟੀਆਂ ਦੇ ਮੋਹਰੀ ਮੈਂਬਰ ਰਹੇ ਅਤੇ ਉੱਚ ਕੋਟੀ ਦਾ ਯੋਗਦਾਨ ਪਾਇਆ। ਆਪ ਜੀ ਦੀ ਸ਼ਾਦੀ ਸ. ਦਿਆਲ ਸਿੰਘ ਸ਼ਾਹ ਦੀ ਸਪੁੱਤਰੀ ਬੀਬੀ ਸੁਰਜੀਤ ਕੌਰ ਜੀ ਨਾਲ ਜੋ ਕਿ ਪਿੰਡ ਵਾਂਡੋ ਜ਼ਿਲ੍ਹਾ ਗੁਜਰਾਂਵਾਲ ਦੇ ਇਕ ਜ਼ਿੰਮੀਦਾਰ ਪਰਿਵਾਰ ਦੇ ਵਿਚ ਹੋਈ। ਆਪ ਜੀ ਦੇ ਪਰਿਵਾਰ ਵਿਚ ਦੋ ਬੇਟੀ ਅਤੇ ਤਿੰਨ ਬੇਟੀਆਂ ਨੇ ਜਨਮ ਲਿਆ। ਆਪ ਜੀ ਦੇ ਬੇਟੇ ਅਤੇ ਬੇਟੀਆਂ ਵੱਲੋਂ ਵੀ ਬਹੁਤ ਉੱਚ ਵਿੱਦਿਅਕ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਵੱਖ-ਵੱਖ ਖੇਤਰਾਂ ਵਿਚ ਉੱਚਾ ਸਮਾਜਿਕ ਯੋਗਦਾਨ ਪਾਇਆ ਗਿਆ। ਆਪ ਜੀ ਨੇ ਆਪਣੀ ਉਮਰ ਦੀ ਇੱਕ ਸ਼ਤਾਬਦੀ ਬਹੁਤ ਹੀ ਕਿਰਿਆਸ਼ੀਲ ਅਤੇ ਹਰ ਖੇਤਰ ਵਿਚ ਸਰਗਰਮੀ ਨਾਲ ਯੋਗਦਾਨ ਦੇ ਕੇ ਪੂਰੀ ਕੀਤੀ। ਪ੍ਰਿੰ. ਵਰਿਆਮ ਸਿੰਘ ਜੀ ਬਾਬਤ ਅੰਤਿਮ ਅਰਦਾਸ 7 ਦਸੰਬਰ ਦਿਨ ਸ਼ਨੀਵਾਰ ਨੂੰ ਕਪੂਰਥਲਾ ਵਿਖੇ ਹੋਈ। ਆਪ ਜੀ ਦੇ ਚਲੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਸਮੁੱਚੇ ਸਮਾਜ ਵਿਸ਼ੇਸ਼ ਕਰਕੇ ਲੁਬਾਣਾ ਬਰਾਦਰੀ ਨੂੰ ਬਹੁਤ ਘਾਟਾ ਪਿਆ ਹੈ। ਅੰਤਿਮ ਅਰਦਾਸ ਵਿਚ ਪਹੁੰਚੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸਖ਼ਸ਼ੀਅਤਾਂ ਨੇ ਪ੍ਰਿੰ. ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਅਤੇ ਅਦਾਰਾ ਲੁਬਾਣਾ ਸੇਵਕ ਇਸ ਵਕਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹੈ ਕਿ ਉਹਨਾਂ ਦੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਪਰਿਵਾਰ ਵੱਲੋਂ ਬਮਸ਼ਲ ਫਾਉਂਡੇਸ਼ਨ ਚੰਡੀਗੜ੍ਹ ਨੂੰ 3100 ਰੁਪਏ ਦਾਨ ਵਜੋਂ ਦਿੱਤੇ ਗਏ।

**ਸੁਰਿੰਦਰ ਸਿੰਘ ਰੁਬੀ (ਸੰਪਾਦਕ)** **ਇੰਜੀ. ਭਗਵਾਨ ਸਿੰਘ ਲੁਬਾਣਾ (ਪ੍ਰਧਾਨ)**

# ਸ਼ਰਧਾਂਜ਼ਲੀ



ਸਾਬਕਾ ਰਾਜ ਮੰਤਰੀ ਜਗਤਾਰ ਸਿੰਘ ਮੁਲਤਾਨੀ ਹੋਏ ਪੰਜ ਤੱਤਾਂ ਵਿਚ ਵਲੀਨ ਪੰਜਾਬ ਦੇ ਸਾਬਕਾ ਰਾਜ ਮੰਤਰੀ ਅਤੇ ਹਲਕਾ ਭੁਲੱਥ ਤੋਂ 1992 ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਕੇ ਇਲਾਕੇ ਅਤੇ ਬਰਾਦਰੀ ਦੀ ਭਰਪੂਰ ਸੇਵਾ ਕਰਨ ਵਾਲੀ ਸਖ਼ਸ਼ੀਅਤ ਸ. ਜਗਤਾਰ ਸਿੰਘ ਮੁਲਤਾਨੀ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਬਹੁਤ ਹੀ ਮਿਠ ਬੋਲੜੇ ਤੇ ਮਿਕਨਾਤੀਸੀ ਸਖ਼ਸ਼ੀਅਤ ਦੇ ਮਾਲਕ ਸ. ਮੁਲਤਾਨੀ ਦਾ ਜਨਮ 13 ਅਗਸਤ 1944 ਨੂੰ ਪਿਤਾ ਤੇਜਾ ਸਿੰਘ ਤੇ ਮਾਤਾ ਕੁਸ਼ੱਲਿਆ ਦੇਵੀ ਦੇ ਘਰ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ ਪਾਕਿਸਤਾਨ ਵਿਚ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਦਾ ਪਰਿਵਾਰ ਹਲਕਾ ਭੁਲੱਥ ਦੇ ਪਿੰਡ ਕੂਕਾ ਵਿਖੇ ਵੱਸ ਗਿਆ। ਮੁਲਤਾਨੀ ਜੀ ਨੇ ਮੁੱਢਲੀ ਸਿੱਖਿਆ ਸਰਕਾਰੀ ਸਕੂਲ ਇਬਰਾਹੀਮਵਾਲ ਤੇ ਨੰਗਲ ਲੁਬਾਣਾ ਤੋਂ ਪ੍ਰਾਪਤ ਕੀਤੀ। ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਤੋਂ ਗ੍ਰੈਜੂਏਸ਼ਨ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1970 ਵਿਚ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ। ਜ਼ਿਲ੍ਹਾ ਕਚਿਹਰੀਆਂ ਕਪੂਰਥਲਾ ਵਿਚ ਇਕ ਸਫਲ ਵਕੀਲ ਦੀ ਪ੍ਰੈਕਟਿਸ ਕੀਤੀ। ਸੰਨ 1979 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਅਤੇ ਲਗਾਤਾਰ 18 ਸਾਲ ਇਸ ਦੇ ਮੈਂਬਰ ਰਹੇ। ਸੰਨ 1992 ਦੀਆਂ ਚੋਣਾਂ ਵਿਚ ਹਲਕਾ ਭੁਲੱਥ ਤੋਂ ਐਮ.ਐਲ.ਏ. ਬਣੇ ਤੇ ਫਿਰ ਸ. ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਪੰਜਾਬ ਦੀ ਕੈਬਨਿਟ ਵਿਚ ਤਕਨੀਕੀ ਸਿੱਖਿਆ ਦੇ ਰਾਜ ਮੰਤਰੀ ਬਣੇ। ਭੁਲੱਥ ਤਹਿਸੀਲ ਨੂੰ ਸਬ ਡਵੀਜ਼ਨ ਦਾ ਦਰਜਾ ਦੁਆਉਣਾ, ਬੇਗੋਵਾਲ, ਭੁਲੱਖ ਅਤੇ ਢਿੱਲਵਾਂ ਨੂੰ ਨਗਰ ਪੰਚਾਇਤਾਂ ਦਾ ਦਰਜਾ ਦੁਆਉਣਾ, ਪਿੰਡ ਮਕਸੂਦਪੁਰ ਵਿਚ ਸਰਕਾਰੀ ਆਈ.ਟੀ.ਆਈ. ਤੇ ਹਸਪਤਾਲ ਨੂੰ ਅਪਗ੍ਰੇਡ ਕਰਵਾਉਣਾ ਵੀ ਉਨ੍ਹਾਂ ਦੇ ਹਿੱਸੇ ਹੀ ਆਇਆ ਸੀ। ਉਹਨਾਂ ਦੀ ਸ਼ਾਦੀ ਲੁਬਾਣਾ ਬਰਾਦਰੀ ਦੀ ਬਹੁਤ ਹੀ ਅਜੀਮ ਸਖ਼ਸ਼ੀਅਮ ਸਵਰਗਵਾਸੀ ਪ੍ਰਿੰਸੀਪਲ ਸੰਤ ਸਿੰਘ ਸਮੁੰਦਰੀ ਜੀ ਦੀ ਬੇਟੀ ਬੀਬੀ ਮਹਿੰਦਰਜੀਤ ਕੌਰ ਨਾਲ ਹੋਈ। ਪਰਿਵਾਰ ਵਿਚ ਇਕ ਬੇਟਾ ਜੋ ਕਿ ਡਾਕਟਰ ਹੈ ਅਤੇ ਦੋ ਬੇਟੀਆਂ ਵੀ ਉੱਚ ਵਿਦਿਆ ਪ੍ਰਾਪਤ ਕਰਕੇ ਸਮਾਜ ਵਿਚ ਵੱਡੀਆਂ ਸੇਵਾਵਾਂ ਦੇ ਰਹੇ ਹਨ। ਸ. ਹਰਭਜਨ ਸਿੰਘ ਏ.ਆਈ.ਜੀ. ਪੁਲਿਸ (ਸੇਵਾ ਮੁਕਤ) ਆਪ ਜੀ ਦੇ ਦਾਮਾਦ ਹਨ।

ਸ. ਜਗਤਾਰ ਸਿੰਘ ਮੁਲਤਾਨੀ ਜੀ ਦੇ ਚਲੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਸਮੁੱਚੇ ਸਮਾਜ ਵਿਸ਼ੇਸ਼ ਕਰਕੇ ਲੁਬਾਣਾ ਬਰਾਦਰੀ ਨੂੰ ਬਹੁਤ ਘਾਟਾ ਪਿਆ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਅਦਾਰਾ ਲੁਬਾਣਾ ਸੇਵਕ ਇਸ ਵਕਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹੈ ਕਿ ਉਹਨਾਂ ਦੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਸੁਰਿੰਦਰ ਸਿੰਘ ਰੂਬੀ** (ਸੰਪਾਦਕ) **ਇੰਜੀ. ਭਗਵਾਨ ਸਿੰਘ ਲੁਬਾਣਾ** (ਪ੍ਰਧਾਨ)

# ਤੋਰ ਪੰਜਾਬਣ ਦੀ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)

ਆਮ ਤੌਰ ’ਤੇ ਕਿਸੇ ਵਿਅਕਤੀ ਦੇ ਤੁਰਨ ਦੇ ਅੰਦਾਜ਼ ਨੂੰ ਉਸ ਦੀ ਆਦਤ ਦਾ ਹੀ ਇਕ ਹਿੱਸਾ ਮੰਨ ਲਿਆ ਜਾਂਦਾ ਹੈ ਪਰ ਬਾਰੀਕੀ ਨਾਲ ਵੇਖਿਆ, ਇਸ ਨਾਲ ਕੁਝ ਹੋਰ ਅਹਿਮ ਤੇ ਦਿਲਚਸਪ ਤੱਥ ਵੀ ਜੁੜੇ ਹੁੰਦੇਹਨ। ਇਸ ਸਬੰਧ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੋਰ ਤੁਹਾਡੀ ਮਾਨਸਿਕ ਦਸ਼ਾ ਦੀ ਮੁਖਬਰੀ ਕਰਦੀ ਹੈ। ਇਸ ਤਰ੍ਹਾਂ ਤੁਹਾਡੇ ਤੁਰਨ ਦਾ ਅੰਦਾਜ਼ ਤੁਹਾਡੇ ਬਾਰੇ ਸਹਿਜ ਸੁਭਾਅ ਹੀ ਬਹੁਤ ਕੁਝ ਸਹਿਜੇ ਹੀ ਬਹੁਤ ਕੁਝ ਕਹਿ ਤੇ ਸਮਝਾ ਜਾਂਦਾ ਹੈ। ਦੱਸਣ ਪੁੱਛਣ ਦੀ ਲੋੜ ਹੀ ਨਹੀਂ ਰਹਿੰਦੀ। ਐਵੇਂ ਤਾਂ ਨਹੀਂ ਕਹਿੰਦੇ ਕਿ ਬੰਦਾ ਰਫਤਾਰ (ਤੋਰ), ਗੁਫ਼ਤਾਰ ਤੇ ਦਸਤਾਰ ਤੋਂ ਪਛਾਣਿਆ ਜਾਂਦਾ ਹੈ। ਵਿਲੀਅਮ ਇਲੈਰੀ ਚੈਨਿੰਗ ਦਾ ਕਥਨ ਹੈ ਕਿ ‘ਹਰ ਮਨੁੱਖ ਰੂਪੀ ਕਿਤਾਬ ਨੂੰ ਪੜ੍ਹ ਸਕਣ ਦੀ ਯੋਗਤਾ ਰੱਖਣ ਵਾਲਾ ਵਿਅਕਤੀ ਤੁਰਨ ਦੇ ਅੰਦਾਜ਼ ਤੋਂ ਹੀ ਕਿਸੇ ਵਿਅਕਤੀ ਦੀ ਸ਼ਖਸੀਅਤ ਦੇ ਕਈ ਪੱਖਾਂ ਨੂੰ ਪੜ੍ਹ ਸਕਦਾ ਹੈ। ਉਂਝ ਵੀ ਤੋਰ ਛੁਪੀ ਰਹਿਣ ਦੀ ਆਦੀ ਨਹੀਂ।

ਗੱਲ ਚੱਲ ਰਹੀ ਸੀ ਕਿ ਤੋਰ ਮਨੁੱਖ ਦੀ ਮਾਨਸਿਕ ਸੋਚਣੀ ਬਾਰੇ ਸੂਹ ਦਿੰਦੀ ਹੈ। ਮਨੋਵਿਗਿਆਨ ਵੀ ਇਹ ਦੱਸਦਾ ਹੈ ਕਿ ਮਨੁੱਖ ਦੇ ਮਨ ਅੰਦਰ ਜਿਹੋ ਜਿਹੇ ਵਿਚਾਰ ਪੈਦਾ ਹੁੰਦੇ ਹਨ, ਉਸ ਦੀ ਤੋਰ ਉਨ੍ਹਾਂ ਮੁਤਾਬਕ ਢਲ ਜਾਂਦੀ ਹੈ। ਗੱਲ ਨੂੰ ਹੋਰ ਸਪਸ਼ਟ ਕਰਦਿਆਂ ਮਾਨਸਿਕ ਉਤੇਜਨਤਾ ਕਾਰਨ ਆਇਆ ਪਰਿਵਰਤਨ ਤੁਰਨ ਦੇ ਅੰਦਾਜ਼ ਨੂੰ ਪ੍ਰਤੱਖ ਰੂਪ ਵਿੱਚ ਪ੍ਰਭਾਵਤ ਕਰਦਾ ਹੈ, ਜਿਵੇਂ ਖ਼ੁਸ਼ੀ ਦੀ ਹਾਲਤ ਵਿੱਚ ਪੈਰ ਖ਼ੂਬ ਉਠਦਾ ਹੈ ਅਤੇ ਗ਼ਮੀ ਦੀ ਹਾਲਤ ਵਿਚ ਪੈਰ ਘਸੀਟਣ ਤਕ ਨੌਬਤ ਆ ਜਾਂਦੀ ਹੈ। ਉੱਚੀ ਪਦਵੀ ਅਤੇ ਵਿਸ਼ੇਸ਼ ਯੋਗਤਾ ਦੀ ਝਲਕ ਸਬੰਧਤ ਵਿਅਕਤੀ ਦੀ ਤੋਰ ਵਿਚ ਵੇਖੀ ਜਾ ਸਕਦੀ ਹੈ।

ਕਸੂਰਵਾਰ ਹੋਣ ਦਾ ਅਹਿਸਾਸ ਵੀ ਤੋਰ ’ਤੇ ਦੁਰਪ੍ਰਭਾਵ ਪਾਉਂਦਾ ਹੈ। ਤਾਹੀਓਂ ਇਕ ਖਾਸ ਕਿਸਮ ਦੇ ਤੁਰਨ ਢੰਗ ਨੂੰ ‘ਚੋਰ ਚਾਲ’ ਕਿਹਾ ਜਾਂਦਾ ਹੈ। ਇਹ ਵੀ ਆਮ ਵਿਸ਼ਵਾਸ ਹੈ ਕਿ ‘ਭੋਇੰ ਝਾਕਣੀ ਤੋਰ’ ਤੁਰਨ ਵਾਲਾ ਵਿਅਕਤੀ ਕਪਟੀ ਹੁੰਦਾ ਹੈ, ਜਿਵੇਂ ਕੁਝ ਛਿਪਾ ਰਿਹਾ ਹੋਵੇ। ਸ਼ਾਇਦ ਸ਼ਰਮ ਕਾਰਨ ਮੂੰਹ ਉਪਰ ਚੁੱਕ ਕੇ ਉਹ ਦੁਨੀਆਂ ਦੀਆਂ ਅੱਖਾਂ ਵਿਚ ਝਾਕਣ ਤੋਂ ਝਿਜਕਦਾ ਹੈ। ਘੁਮੰਡੀ ਵਿਅਕਤੀ ਦੀ ਤੋਰ, ਉਸ ਦੀ ਬਿਮਾਰ ਸੋਚਣੀ ਅਤੇ ਖ਼ੁਦ ਪਸੰਦੀ ਦਾ ਖੁੱਲ੍ਹਾ ਮੁਜ਼ਾਹਰਾ ਕਰਦੀ ਹੈ। ਸਾਧਾਂ, ਸੰਤਾਂ ਤੇ ਜੋਗੀਆਂ ਦੀ ਆਪਣੀ ਵਿਲੱਖਣ ਤੋਰ ਹੁੰਦੀ ਹੈ। ਤਾਹੀਓਂ ਰਾਂਝੇ ਦੀ ਤੋਰ ਨੇ ਉਸ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕੀਤਾ ਸੀ।

ਆਧੁਨਿਕ ਖੋਜਾਂ ਵੀ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ ਮਾਨਸਿਕ ਸੋਚਣੀ ਅਤੇ ਤੋਰ ਦਾ ਆਪਸ ਵਿਚ ਨੇੜਲਾ ਸਬੰਧ ਹੈ। ਮਨੋਵਿਗਿਆਨੀ ਨਿਕੋਲਸ ਟਰੋਜ ਦੀ ਦੇਖ ਰੇਖ ਹੇਠ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਵਿਅਕਤੀ ਦੀ ਮਨੋਦਸ਼ਾ ਜਾਂ ਮੂਡ ਉਸ ਦੀ ਤੋਰ ਨੂੰ ਕਾਫੀ ਪ੍ਰਭਾਵਤ ਕਰਦਾ ਹੈ। ਤੁਰਨ ਦੇ ਅੰਦਾਜ਼ ਤੋਂ ਕਿਸੇ ਵਿਅਕਤੀ ਦੀ ਮਾਨਸਿਕ ਦਸ਼ਾ ਬਾਰੇ ਆਸਾਨੀ ਨਾਲ ਪਤਾ ਲਾਇਆ ਜਾ ਸਕਦਾ ਹੈ। ਖੋਜ ਮੁਤਾਬਕ, ਜੋ ਲੋਕ ਤਣਾਅ ਤੋਂ ਪੀੜਤ ਹੁੰਦੇ ਹਨ, ਉਨ੍ਹਾਂ



ਦੇ ਹੱਥਾਂ ਦੀਆਂ ਸਰਗਰਮੀਆਂ ਘੱਟ ਹੁੰਦੀਆਂ ਹਨ। ਉਥੇ ਜੋ ਲੋਕ ਚੜ੍ਹਦੀ ਕਲਾ ਜਾਂ ਰੰਗੇ ਮੂਡ ’ਚ ਹੁੰਦੇ ਹਨ, ਤੁਰਦੇ ਸਮੇਂ ਉਨ੍ਹਾਂ ਦੇ ਹੱਥਾਂ ਦੀਆਂ ਗਤੀਵਿਧੀਆਂ ਜ਼ਿਆਦਾ ਹੁੰਦੀਆਂ ਹਨ।

ਸਾਡੇ ਪੂਰਵਜ਼ ਵੀ ਕੋਈ ਘੱਟ ਖੋਜੀ ਨਹੀਂ ਸਨ। ਇੰਝ ਜਾਪਦਾ ਹੈ ਕਿ ਜਿਵੇਂ ਉਹ ਉਕਤ ਖੋਜ ਤੋਂ ਸਾਹਮਣੇ ਆਏ ਤੱਥਾਂ ਤੋਂ ਪਹਿਲਾਂ ਹੀ ਵਾਕਿਫ ਸਨ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਜਦੋਂ ਮਨ ’ਤੇ ਗ਼ਮ ਦੇ ਬੱਦਲ ਛਾਏ ਹੋਣ ਤਾਂ ਮਾਯੂਸੀ ਦੀ ਹਾਲਤ ਵਿਚ ਤੋਰ ਬਲਹੀਣ ਤੇ ਬੇਜਾਨ ਹੋ ਜਾਂਦੀ ਹੈ ਅਤੇ ਕਦਮ ਅੱਗੇ ਵਧਾਉਣ ਨੂੰ ਜੀਅ ਨਹੀਂ ਕਰਦਾ :

**ਮਿੱਤਰਾ ਦਾ ਪਿੰਡ ਛੱਡ ਕੇ,**
**ਮੇਰਾ ਪੈਰ ਪਿਛਾਂਹ ਨੂੰ ਜਾਵੇ।**

ਇਹ ਇਕ ਵਿਗਿਆਨਕ ਸੱਚਾਈ ਹੈ ਕਿ ਜਵਾਨੀ ਦੀ ਰਾਂਗਲੀ ਤਹਿਲੀਜ਼ ’ਤੇ ਪੈਰ ਧਰਨ ਉਪਰੰਤ ਮੁੰਡਿਆਂ ਤੇ ਕੁੜੀਆਂ ਵਿਚ ਆਪੋ ਆਪਣੇ ਲਿੰਗ ਹਾਰਮੋਨਜ਼ ਦੇ ਅਸਰ ਹੇਠ ਸਰੀਰਕ ਤੇ ਮਾਨਸਿਕ ਤਬਦੀਲੀਆਂ ਵਾਪਰਨ ਲੱਗਦੀਆਂ ਹਨ ਜਿਨ੍ਹਾਂ ਵਿਚ ਤੋਰ ਦਾ ਬਦਲਣਾ ਸ਼ਾਮਲ ਹੈ।

ਜਵਾਨੀ, ਜ਼ਿੰਦਗੀ ਦੇ ਪੈਂਡੇ ਦਾ ਇਕ ਹੁਸੀਨ ਤੁਰੀਨ ਪੜਾਅ ਹੈ ਅਤੇ ਤੋਰ ਦਾ ਖ਼ੂਬਸੂਰਤ ਰੂਪ ਵੀ ਇਸੇ ਉਮਰੇ ਵੇਖਣ ਨੂੰ ਮਿਲਦਾ ਹੈ। ਮਚਲਦੀ ਜਵਾਨੀ ਇਕ ਨਰੋਈ ਜੁੱਤੀ ਨੂੰ ਮਸਲ ਕੇ ਰੱਖ ਦਿੰਦੀ ਹੈ।

**ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ,**
**ਤੋਰ ਪੰਜਾਬਣ ਦੀ।**

ਇਸ ਤਰ੍ਹਾਂ ਦੀ ਜੋਸ਼ੀਲੀ ਤੋਰ, ਸਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਸਰਟੀਫਿਕੇਟ ਵੀ ਹੁੰਦੀ ਹੈ। ਜੀਵਨ ਦੇ ਹਰ ਦੌਰ ਵਿਚ ਸਰੀਰਕ ਤੇ ਮਾਨਸਿਕ ਕਾਰਨਾਂ ਕਰਕੇ ਤੋਰ ਵਿਚ ਸਮੇਂ ਸਮੇਂ ਸਿਰ ਪਰਿਵਰਤਨ ਆਉਂਦਾ ਰਹਿੰਦਾ ਹੈ। ਅਜਿਹਾ ਕੁਦਰਤ ਦਾ ਨਿਯਮ ਹੈ।

**ਮੋਬਾਈਲ ਨੰਬਰ-92178-45812**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਸੈਕਟਰੀ** : ਸਾਨੂੰ ਪਤੈ ਮਾਹਿਰ ਜਿਹੜੀ ਕੜੀ ਘੋਲਦੇ ਨੇ.....

**ਸਨਮ** : ਤੁਹਾਡੇ ਤੋਂ ਕਿਤੇ ਵੱਧ ਜਾਣਕਾਰੀ ਰੱਖਦੇ ਨੇ, ਉਹਨਾਂ ਨੂੰ ਪਤੈ ਨਾਟਕ ਵਿਧਾ ਨੂੰ ਕਿਹੜੇ-ਕਿਹੜੇ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ?

**ਸੈਕਟਰੀ** : ਤੁਸੀਂ ਰੱਖੋ ਉਹ ਪੱਖ ਸਾਂਭ ਕੇ। ਤੁਹਾਡੇ ਹੀ ਕੰਮ ਆਉਣਗੇ ਸਿਰਫ਼।

**ਸਨਮ** : ਤੁਸੀਂ ਖੁਦ ਕੁੱਝ ਲਿਖ ਕੇ ਵਿਖਾਓ ਤੇ ਅਸੀਂ ਪੜ੍ਹ ਕੇ ਦੱਸਾਂਗੇ ਕਿ ਤੁਹਾਡੀ ਰਚਨਾ ਕਿੰਨੇ ਕੁ ਪਾਣੀ ਵਿੱਚ ਏ?

**ਸੈਕਟਰੀ** : ਪ੍ਰਧਾਨ ਸਾਹਿਬ, ਇਹ ਬੰਦਾ ਕੁੱਝ ਜ਼ਿਆਦਾ ਈ ਸਿਰ 'ਤੇ ਚੜ੍ਹਦਾ ਜਾ ਰਿਹੈ, ਪਿਛਲੇ ਸਾਲ ਵੀ ਇਹਨੇ ਊਟਪਟਾਂਗ ਗੱਲਾਂ ਕੀਤੀਆਂ ਸੀ ਤੇ ਹੁਣ ਇਹ ਸਾਨੂੰ ਚੈਲੇਂਜ ਕਰ ਰਿਹੈ।

**ਪ੍ਰਧਾਨ** : (ਸਨਮ ਨੂੰ) ਤੂੰ ਆਪਣੇ ਆਪ ਨੂੰ ਨਾਟਕਾਂ ਦਾ ਬਾਪੂ ਸਮਝਦੈਂ?

**ਸਨਮ** : ਨਹੀਂ, ਉਹ ਤਾਂ ਤੁਸੀਂ ਬਣੇ ਬੈਠੇ ਹੋ ਸੱਪ ਬਣ ਕੇ।

**ਪ੍ਰਧਾਨ** : ਸੱਪ? ਹੋਸ਼ ਨਾਲ ਬੋਲ।

**ਸਨਮ** : ਪੂਰੀ ਹੋਸ਼ ਨਾਲ ਕਹਿ ਰਿਹਾਂ ਕਿ ਤੁਸੀਂ ਆਪਣੀਆਂ ਚੰਮ ਦੀਆਂ ਚਲਾਉਂਦੇ ਹੋ, ਕੀ ਉਹ ਨਾਟਕ ਨੇ ਜਿਹਨਾਂ ਵਿੱਚ ਇੱਕ ਪਾਤਰ ਪੰਦਰਾਂ-ਪੰਦਰਾਂ ਮਿੰਟ ਭਾਸ਼ਣ ਈ ਝਾੜੀ ਜਾਂਦੈ। ਉਹ ਪਾਤਰ ਬਿਨਾਂ ਕੋਈ ਮਾਹੌਲ ਉਸਾਰੇ ਭਾਵੁਕ ਹੋ ਜਾਂਦੈ ਤੇ ਨਾਲ ਹੀ ਨਾਅਰੇ ਗੂੰਜਦੇ ਹਨ-ਇਨਕਲਾਬ ਜਿੰਦਾਬਾਦ।

**ਸੈਕਟਰੀ** : ਤੁਸੀਂ ਵਿਦਵਾਨ ਹੋ?

**ਸਨਮ** : ਤੁਸੀਂ ਬਣਾ ਕੇ ਛੱਡੋਗੇ, ਤੁਸੀਂ ਕਦੇ ਰਚਨਾ ਪੜ੍ਹਨ ਦੀ ਖੇਚਲ ਹੀ ਨਹੀਂ ਕਰਦੇ, ਸਿਰਫ਼ ਲੇਬਲ ਪੜ੍ਹਦੇ ਹੋ ਲੇਬਲ। ਸਤਨਾਮ ਅੰਮ੍ਰਿਤਸਰੀਆ ਹਰ ਵਾਰ ਕਿਸੇ ਚਰਚਿਤ ਕਵਿਤਾ ਜਾਂ ਚਰਚਿਤ ਨਾਵਲ ਦੇ ਅਧਾਰ 'ਤੇ ਕੱਚ ਘਰੜ ਨਾਟਕ ਤਿਆਰ ਕਰਕੇ ਪੇਸ਼ ਕਰ ਦੇਂਦੇ, ਕਵਿਤਾ ਵਿਚਲੀਆਂ ਸਤਰਾਂ ਨਾਟਕ ਦੇ ਵਾਰਤਾਲਾਪ ਨਾਲ ਇਕਸੁਰਤਾ ਹੀ ਨਹੀਂ ਰੱਖਦੀਆਂ।

**ਸੈਕਟਰੀ** : ਅਸਲੀ ਨਾਟਕਕਾਰ ਵੀ ਤਾਂ ਉਹੀ ਏ।

**ਸਨਮ** : ਤੁਹਾਡੀ ਅੱਖ ਉਸ ਸੀਮਾ ਤੱਕ ਹੀ ਰਹਿੰਦੀ ਏ, ਉਸ ਤੋਂ ਅਗਾਂਹ ਤੁਹਾਡੀਆਂ ਅੱਖਾਂ ਕੰਮ ਨਹੀਂ ਕਰਦੀਆਂ। ਸਤਨਾਮ ਅੰਮ੍ਰਿਤਸਰੀਏ ਵਰਗੇ ਲੋਕ ਨਾਟਕਕਾਰ ਨਹੀਂ ਉਹ ਤਾਂ ਮਕੈਨਿਕ ਨੇ। ਉਹਦੀ ਸਾਰੀ ਟੇਕ ਲਾਈਟਾਂ ਉੱਪਰ ਹੁੰਦੀ ਏ। ਤੁਸੀਂ ਇਹ ਦੱਸੋ ਜਿਸ ਘਰ ਵਿੱਚ ਕੋਈ ਰਹਿੰਦਾ ਹੀ ਨਾ ਹੋਵੇ, ਉਥੇ ਲਾਈਟਾਂ ਦੀਆਂ ਲੜੀਆਂ ਦੀਆਂ ਝੜੀਆਂ ਕੀ ਕਰਨਗੀਆਂ?

**ਪ੍ਰਧਾਨ** : ਤੇਰੇ ਸਵਾਲ ਦਾ ਜਵਾਬ ਦੇਣਾ ਕੋਈ ਜ਼ਰੂਰੀ ਏ?

(ਚਲਦਾ)

● ● ●

**ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੰਤ ਬਾਬਾ ਮਾਝਾ ਸਿੰਘ ਜੀ

ਆਪ ਜੀ ਦਾ ਜਨਮ ਸੰਮਤ ੧੯੨੩ ਬਿਕ੍ਰਮੀ ਨੂੰ ਪਿੰਡ ਮਕਸੂਦਪੁਰ, ਜ਼ਿਲ੍ਹਾ ਕਪੂਰਥਲਾ ਵਿੱਚ ਸਰਦਾਰ ਅਰਜਨ ਸਿੰਘ ਜੀ ਦੇ ਘਰ ਮਾਤਾ ਮਾਲਾ ਦੀ ਕੁਖੋਂ ਹੋਇਆ। ਬਹੁਤ ਛੋਟੇ ਸਨ ਜਦੋਂ ਆਪ ਜੀ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਹਮੇਸ਼ਾ ਲਈ ਉੱਠ ਗਿਆ। ਆਪ ਜੀ ਦੀ ਪਰਵਰਿਸ਼ ਅਕਾਲ ਪੁਰਖ ਦੇ ਪ੍ਰੇਰੇ, ਇਨ੍ਹਾਂ ਦੇ ਚਾਚੇ ਸ. ਭੂਲਾ ਸਿੰਘ ਜੀ ਨੇ ਕਰਨ ਦਾ ਯਤਨ ਕੀਤਾ, ਪਰ ਇਨ੍ਹਾਂ ਦੀ ਚਾਚੀ ਨਾ ਮੰਨੀ। ਅਜੇ ਅੱਠ ਸਾਲਾਂ ਦੇ ਹੀ ਸਨ ਕਿ ਇਨ੍ਹਾਂ ਨੂੰ ਇਨ੍ਹਾਂ ਦੇ ਚਾਚੇ ਸੰਤ ਬਾਬਾ ਕਰਮ ਸਿੰਘ ਜੀ ਦੇ ਡੇਰੇ ਹੋਤੀ ਮਰਦਾਨ ਲੈ ਗਏ। ਮਹਾਂਪੁਰਖਾਂ ਦੇ ਚਰਨਾਂ ਵਿੱਚ ਨਮਸਕਾਰ ਕੀਤੀ ਤੇ ਕਿਹਾ ਕਿ ਮਹਾਰਾਜ, ਇਸ ਬੱਚੇ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ ਹਨ। ਇਸ ਨੂੰ ਆਪਣੇ ਚਰਨਾਂ ਵਿੱਚ ਰੱਖਣ ਦੀ ਕ੍ਰਿਪਾ ਕਰੋ। ਇਥੇ ਸੇਵਾ ਕਰਦਿਆਂ ਇਸ ਦਾ ਜਨਮ ਸੰਵਰ ਜਾਵੇਗਾ। ਬਾਲਕ (ਸੰਤ ਮਾਝਾ ਸਿੰਘ ਜੀ) ਵੱਲ ਸੰਤ ਬਾਬਾ ਕਰਮ ਸਿੰਘ ਜੀ ਨੇ ਆਪਣੀ ਦਿਬਯ-ਦ੍ਰਿਸ਼ਟੀ ਨਾਲ ਤੱਕਿਆ ਤੇ ਕਿਹਾ ਕਿ ਇਸ ਨੂੰ ਇਥੇ ਟਿਕਿਆ ਰਹਿਣ ਦਿਉ, ਇਸ ਦਾ ਇਥੇ ਜਨਮ ਸੰਵਰ ਜਾਵੇਗਾ। ਆਪ ਜੀ ਨੇ ਇਨ੍ਹਾਂ ਨੂੰ ਛੋਟੇ ਸੰਤ ਲਾਲਾ ਸਿੰਘ ਜੀ ਹੋਰਾਂ ਦੇ ਸਪੁਰਦ ਕਰ ਦਿੱਤਾ ਤੇ ਕਿਹਾ ਕਿ ਸੰਤ ਲਾਲ ਸਿੰਘ ਜੀ, ਇਸ ਕਾਕੇ ਨੂੰ ਲੰਗਰ ਦੀ ਸੇਵਾ ਸਿਖਾਉ। ਆਪ ਜੀ ਨੂੰ ਡੇਰੇ ਛੱਡ ਕੇ ਆਪ ਜੀ ਦਾ ਚਾਚਾ ਵਾਪਸ ਆ ਗਿਆ। ਆਪ ਜੀ ਨੇ ਮਹਾਂਪੁਰਖਾਂ ਦੇ ਬਚਨ ਅਨੁਸਾਰ ਲੰਗਰ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਨੂੰ ਰਾਤ ਦਿਨ ਐਸੀ ਲੰਗਰ ਦੀ ਸੇਵਾ ਕਰਨ ਦੀ ਲਗਨ ਲੱਗੀ ਕਿ ਆਪ ਜੀ ਨੇ 30 ਸਾਲ ਸੰਤ ਬਾਬਾ ਕਰਮ ਸਿੰਘ ਜੀ ਦੀ ਅਤੇ ਇਸ ਤੋਂ ਛੁਟ ਹੋਰ ਕਈ ਸਾਲ ਲੰਗਰ ਦੀ ਲਗਾਤਾਰ ਸੇਵਾ ਕੀਤੀ। ਇਸ ਮਹਾਨ ਲੰਗਰ ਦੀ ਸੇਵਾ ਦੀ ਤਪੱਸਿਆ ਤੇ ਨਾਮ ਸਿਮਰਨ ਦਾ ਸਦਕਾ ਇਸ ਮਹਾਨ ਪਵਿੱਤਰ ਅਸਥਾਨ ਦੀ ਗੱਦੀ ਪਰ ਸੰਤ ਬਾਬਾ ਰਾਮ ਸਿੰਘ ਜੀ ਦੇ ਪਿੱਛੋਂ ਆਪ ਸੁਸ਼ੋਭਿਤ ਹੋਏ। ਇਸ ਅਸਥਾਨ ਨੂੰ ਆਪ ਜੀ ਨੇ ਚਾਰੇ ਪਾਸੇ ਦੀਵਾਰ ਕਰਕੇ ਇੱਕ ਤਰ੍ਹਾਂ ਕਿਲ੍ਹੇ ਵਾਂਗ ਬਣਾ ਦਿੱਤਾ। ਪਾਕਿਸਤਾਨ ਬਣਨ ਉਪਰੰਤ ਆਪ ਜੀ 1947 ਈ. ਨੂੰ ਹੋਤੀ ਮਰਦਾਨ ਦੇ ਡੇਰੇ ਦਾ ਸ਼ਾਹੀ ਸਾਜ਼ੋ-ਸਮਾਨ ਤਿਆਗ ਕੇ ਪੰਜਾਬ ਦੇ ਜ਼ਿਲ੍ਹੇ ਕਪੂਰਥਲੇ ਦੇ ਪਿੰਡ ਮਕਸੂਦਪੁਰ ਦੀ ਝੰਗੀ ਵਿੱਚ ਆ ਡੇਰਾ ਲਾਇਆ। ਜਿੱਥੇ ਕਿ ਪਹਿਲਾਂ ਇੱਕ ਚੰਗਾ ਮੁਸਲਮਾਨ ਫ਼ਕੀਰ ਦਾਰਾਸ਼ਾਹ ਹੋਇਆ ਹੈ, ਜਿਸ ਦੀ ਯਾਦ ਵਿੱਚ ਇਥੇ ਇੱਕ ਮਸੀਤ ਬਣੀ ਹੋਈ ਹੈ, ਜਿਸ ਕਰਕੇ ਮਕਸੂਦਪੁਰ ਨੂੰ ਮਸੀਤ ਵਾਲਾ ਭੀ ਕਹਿੰਦੇ ਹਨ। ਆਪ ਜੀ ਨੂੰ ਹੋਤੀ ਮਰਦਾਨ ਦੇ ਡੇਰੇ ਦੀ ਜ਼ਮੀਨ ਭੀ ਇਥੇ ਹੀ ਅਲਾਟ ਹੋ ਗਈ। ਇਸ ਤਰ੍ਹਾਂ ਇਥੇ ਹੋਤੀ ਮਰਦਾਨ ਵਾਲਾ ਡੇਰਾ ਮਸ਼ਹੂਰ ਹੋ ਗਿਆ। ਪਾਕਿਸਤਾਨ ਤੋਂ ਉੱਜੜ ਕੇ ਆਈ ਲੁਬਾਣਾ ਬਰਾਦਰੀ ਜੋ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮੇਹਨਤ ਸਦਕਾ ਆਲੇ-ਦੁਆਲੇ ਦੇ ਪਿੰਡਾਂ ਵਿੱਚ ਆ ਕੇ ਬੈਠੀ ਸੀ। ਉਹ ਸਭ ਲੋਕ ਬਾਬਾ ਮਾਝਾ ਸਿੰਘ ਜੀ ਨੂੰ ਸ਼ਾਦੀ ਗ਼ਮੀ ਵਿੱਚ ਬੁਲਾਉਂਦੇ, ਦਰਸ਼ਨ ਕਰਕੇ ਤੇ ਨਾਮ ਬਾਣੀ ਦਾ ਕੀਰਤਨ ਸੁਣ ਕੇ ਆਪ ਜੀ ਪਾਸੋਂ ਲਾਭ ਉਠਾਉਂਦੇ।

ਚਲਦਾ

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਸਚੁ ਸੁਣਾਇਸੀ ਸੱਚ ਕੀ ਬੇਲਾ



**ਸੁਰਿੰਦਰ ਸਿੰਘ ਰੂਬੀ**
**ਸੰਪਾਦਕ**

## (1) ਮੈਕਸੀਕੋ-ਅਮਰੀਕਾ ਦੀ ਵਾੜ ਕੰਧ ਨੂੰ ਹੁਣ ਟੱਪਣਾ ਨਹੀਂ ਰਿਹਾ ਸੌਖਾ



ਪਿਛਲੇ ਸਮੇਂ ਵਿਚ ਸੋਸ਼ਲ ਮੀਡੀਆ ਤੇ ਅਪਲੋਡ ਹੋਈਆਂ ਬਹੁਤ ਸਾਰੀਆਂ ਵੀਡੀਓਜ਼ ਨੂੰ ਵੱਖ–ਵੱਖ ਦੇਸ਼ਾਂ ਤੋਂ ਮੈਕਸੀਕੋ–ਅਮਰੀਕਾ ਦੇ ਬਾਰਡਰ ਤੇ ਬਣੀ ਲੋਹੇ ਦੀ ਕੰਧ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਟੱਪਣ ਵਾਲਿਆਂ ਦੀਆਂ ਭੀੜਾਂ ਦੇ ਨਜ਼ਾਰੇ ਆਮ ਤੌਰ ’ਤੇ ਵੇਖਣ ਵਾਲਿਆਂ ਨੂੰ ਮਿਲ ਜਾਂਦੇ ਸਨ। ਬਾਰਡਰ ਕੰਧ ਤੋਂ ਪਾਰ ਅਮਰੀਕਨ ਪੁਲਿਸ ਦੀ ਗਸ਼ਤੀ ਗੱਡੀਆਂ ਦੇ ਉਥੋਂ ਅੱਗੇ ਗੁਜਰ ਜਾਣ ਤੋਂ ਬਾਅਦ ਗ਼ੈਰ ਕਾਨੂੰਨੀ ਦਾਖਲ ਹੋਣ ਵਾਲਿਆਂ ਦੀ 18 ਤੋਂ 20 ਫੁੱਟ ਉੱਚੀ ਦੀਵਾਰ ਵੱਲ ਨੂੰ ਭੱਜ ਕੇ ਜਾਣ ਦੇ ਨਜ਼ਾਰੇ ਆਮ ਹੀ ਵੇਖਣ ਨੂੰ ਮਿਲਦੇ ਸਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਸ ਦੀ ਰਿਪਬਲਿਕਨ ਪਾਰਟੀ ਨੇ ਉਸ ਦੀ ਪਹਿਲੀ ਚੋਣ ਵਿਚ ਇਸ ਮੁੱਦੇ ਨੂੰ ਜ਼ੋਰ–ਸ਼ੋਰ ਨਾਲ ਚੁਕਦੇ ਹੋਏ ਮੈਕਸੀਕੋ ਬਾਰਡਰ ਤੇ ਇਕ ਉੱਚੀ ਕੰਧ ਉਸਾਰ ਕੇ ਇਸ ਪ੍ਰਵਾਸ ਨੂੰ ਰੋਕਣ ਲਈ ਚੋਣ ਵਾਅਦਾ ਕੀਤਾ ਸੀ। ਚੋਣ ਜਿੱਤਣ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਇਸ ਵਾਅਦਾ ਪੂਰਤੀ ਲਈ ਮੈਕਸੀਕੋ ਦੇਸ਼ ਨੂੰ ਕੰਧ ਦਾ ਖਰਚਾ ਉਠਾਉਣ ਲਈ ਵੀ ਕਿਹਾ। ਪ੍ਰੰਤੂ ਮੈਕਸੀਕੋ ਵੱਲੋਂ ਅਸਮਰਥਾ ਪ੍ਰਗਟਾਉਣ ਤੇ ਰਾਸ਼ਟਰਪਤੀ ਟਰੰਪ ਨੇ ਅਮਰੀਕਨ ਖਰਚੇ ਤੇ ਕੰਧ ਬਨਾਉਣ ਦੀ ਸ਼ੁਰੂਆਤ ਕਰ ਦਿੱਤੀ। ਕਾਫੀ ਲੰਮੇ ਬਾਰਡਰ (1954 ਮੀਲ) ਦੇ ਕਾਫੀ ਹਿੱਸੇ ਵਿਚ ਇਹ ਕੰਧ ਉਸਾਰ ਦਿੱਤੀ ਗਈ ਜਿਸ ਦੀ ਉਚਾਈ 18 ਤੋਂ 20 ਫੁੱਟ ਤੱਕ ਰੱਖੀ ਗਈ, ਪ੍ਰੰਤੂ ਗ਼ੈਰ ਕਾਨੂੰਨੀ ਪ੍ਰਵਾਸ ਕਰਨ ਵਾਲੇ ਅਤੇ ਏਜੰਟਾਂ ਨੇ ਇਸ ਦੀਆਂ ਕਮੀਆਂ ਲੱਭ ਕੇ ਕੰਧ ਟਪਾ ਕੇ ਅਮਰੀਕਾ ਵਿਚ ਪ੍ਰਵਾਸ ਜਾਰੀ ਰੱਖਿਆ। ਰਾਸ਼ਟਰਪਤੀ ਟਰੰਪ ਨੇ ਆਪਣੀ ਹੁਣ ਵਾਲੀ ਦੂਜੀ ਪਾਰੀ ਵਿਚ ਵੀ ਇਸ ਕੰਧ ਨੂੰ ਹੋਰ ਮਜਬੂਤ ਕਰਨ ਦਾ ਵਾਅਦਾ ਕੀਤਾ ਤੇ ਮੂਲ ਅਮਰੀਕਨ ਨਿਵਾਸੀਆਂ ਨੇ ਉਸ ਨੂੰ ਵੋਟਾਂ ਪਾ ਕੇ ਇਸ ਕੰਮ ਵਿਚ ਸਮਰਥਨ ਦੇ ਕੇ ਕੰਧ ਨੂੰ ਮਜਬੂਤ ਤੇ ਹੋਰ ਇਲਾਕਿਆਂ ਤੱਕ ਵਧਾਉਣ ਤੇ ਮੋਹਰ ਲਗਾ ਦਿੱਤੀ। ਇਸ ਵਾਰ ਟਰੰਪ ਪ੍ਰਸਾਸ਼ਨ ਨੇ ਇਸ ਕੰਮ ਨੂੰ ਨਤੀਜੇ ਪ੍ਰਾਪਤ ਕਰਨ ਤੱਕ ਪੂਰੀ ਦ੍ਰਿੜਤਾ ਨਾਲ ਲਾਗੂ ਕਰਨ ਦਾ ਮੰਨ ਬਣਾ ਲਿਆ ਸੀ ਤੇ ਉਹਨਾਂ ਨੇ ਇਸ ਵਿਚ ਕਾਮਯਾਬੀ ਵੀ ਹਾਸਲ ਕੀਤੀ। ਅਮਰੀਕਾ ਨੇ ਮੈਕਸੀਕੋ ਨਾਲ ਲੱਗਦੀ ਸਰਹੱਦ ਤੇ ਸਖ਼ਤੀ ਨਾਲ ਅਜਿਹੀ ਲਕੀਰ ਖਿੱਚੀ ਕੇ ਹੁਣ ਕੋਈ ਵੀ ਗ਼ੈਰ ਕਾਨੂੰਨੀ ਪ੍ਰਵਾਸੀ ਇਸ ਬਾਰਡਰ ਨੂੰ ਪਾਰ ਕਰਨ ਦੀ ਸੋਚ ਵੀ ਨਹੀਂ ਸਕਦੇ। ਪਿਛਲੇ 6 ਮਹੀਨੇ ਦੇ ਸਮੇਂ ਤੋਂ ਮੈਕਸੀਕੋ ਬਾਰਡਰ ਤੋਂ ਅਮਰੀਕਾ ਵਿਚ ਦਾਖਲਾ ਲਗਭਗ ਨਾਂਹ ਦੇ ਬਰਾਬਰ ਹੈ। ਹੁਣ ਬਾਰਡਰ ਤੇ ਲੱਗੀਆਂ ਭੀੜਾਂ ਨਜ਼ਰ ਨਾ ਆ ਕੇ ਉਥੇ ਚੁੱਪ ਵਿਸਰੀ ਹੋਈ ਹੈ। ਕਿਉਂਕਿ ਕੰਧ ਹੁਣ ਇਸ ਤਰੀਕੇ ਨਾਲ ਬਣਾਈ ਗਈ ਹੈ ਕਿ ਇਸ ਨੂੰ ਟੱਪ ਕੇ ਅੱਗੇ ਜਾਣਾ ਲਗਭਗ ਅਸੰਭਵ ਜਿਹਾ ਹੀ ਹੋ ਗਿਆ ਹੈ। ਮੈਕਸੀਕੋ ਨਾਲ 1954 ਮੀਲ ਦੀ ਸਰਹੱਦ ਜੋ ਸ਼ਹਿਰੀ ਖੇਤਰ ਤੇ ਮਾਰੂਥਲਾਂ ਦੇ ਵਿਚੋਂ ਦੀ ਲੰਘਦੀ ਹੈ। ਅਮਰੀਕਨ ਸਟੇਟ ਟੈਕਸਾਸ ਤੇ ਮੈਕਸੀਕੋ ਦੀ ਸਰਹੱਦ ਦਾ ਕੁਝ ਹਿੱਸਾ ਰੀਓ ਗਾਂਦੇ ਦਰਿਆ ਕਾਰਨ ਕੁਦਰਤੀ ਰੁਕਾਵਟ ਬਨਾਉਂਦਾ ਹੈ। ਸ਼ਹਿਰੀ ਖੇਤਰ ਵਿਚ ਟੈਕਸਾਸ, ਐਲ ਪਾਸੋਂ ਕੈਲੀਫੋਰਨੀਆਂ ਤੋਂ ਸੇਂਟ ਡਿਟੇਕੋ ਦੀਆਂ ਸਟੇਟਾਂ ਦੀਆਂ ਸਰਹੱਦਾਂ ਮੈਕਸੀਕੋ ਨਾਲ ਜੁੜਦੀਆਂ ਹਨ। ਇਥੋਂ ਸਿਰਫ਼ ਮਨੁੱਖੀ ਤਸਕਰੀ ਹੀ ਨਹੀਂ ਸਗੋਂ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਵੀ ਵੱਡੇ ਪੱਧਰ ਤੇ ਹੁੰਦੀ ਸੀ। ਮੈਕਸੀਕੋ–ਅਮਰੀਕਾ ਦੀ ਇਹ ਸਰਹੱਦ ਪੱਛਮ ਵਿਚ ਪ੍ਰਸਾਂਤ ਮਹਾਂਸਾਗਰ ਤੋਂ ਪੂਰਬ ਤੱਕ ਮੈਕਸੀਕੋ ਦੀ ਖਾੜੀ ਤੱਕ ਫੈਲੀ ਹੋਈ ਹੈ। ਇਸ ਕੰਧ ਉਸਾਰੀ ਤੇ ਉਥੋਂ ਕੀਤੀ ਸਖ਼ਤੀ ਨਾਲ ਨਸ਼ਿਆਂ ਅਤੇ ਮਨੁੱਖੀ ਤਸਕਰੀ ਦਾ ਇਹ ਗੋਰਖ ਧੰਧਾ ਹੁਣ ਬਿਲਕੁਲ ਬੰਦ ਹੀ ਨਜ਼ਰ ਆ ਰਿਹਾ ਹੈ।

## (2) ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਨਾ ਦੇਣ ਕਾਰਨ ਸਰਕਾਰਾਂ ਦੇ ਦੋਹਰੇ ਚੇਹਰੇ ਸਾਹਮਣੇ ਆਏ



ਭਾਈ ਅੰਮ੍ਰਿਤਪਾਲ ਸਿੰਘ ਜੋ ਪੰਜਾਬ ਦੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਭਾਰੀ ਬਹੁਮੱਤ ਦੀਆਂ ਵੋਟਾਂ ਲੈ ਕੇ ਮੈਂਬਰ ਪਾਰਲੀਮੈਂਟ ਬਣੇ ਸਨ, ਉਹਨਾਂ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਦੱਸ ਕੇ ਐਨ.ਐਸ.ਏ. ਲਗਾ ਕੇ ਅਸਾਮ ਦੀ ਜੇਲ ਵਿਚ ਨਜ਼ਰਬੰਦ ਕਰਕੇ ਰੱਖਿਆ ਹੋਇਆ


ਹੈ। ਕਿਸੇ ਵੀ ਮੈਂਬਰ ਪਾਰਲੀਮੈਂਟ ਜੋ ਆਪਣੇ ਹਲਕੇ ਦੀ ਨੁਮਾਇੰਦਗੀ ਦੇਸ਼ ਦੀ ਪਾਰਲੀਮੈਂਟ ਵਿਚ ਕਰਦਾ ਹੈ, ਉਸ ਨੂੰ ਹੱਕ ਹੈ ਕਿ ਉਹ ਆਪਣੇ ਹਲਕੇ ਅਤੇ ਲੋਕਾਂ ਦੀ ਗੱਲ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਵਿਚ, ਜਿਸ ਦਾ ਉਹ ਚੁਣਿਆ ਹੋਇਆ ਮੈਂਬਰ ਹੈ, ਵਿਚ ਰੱਖ ਸਕੇ। ਜੰਮੂ-ਕਸ਼ਮੀਰ ਤੋਂ ਚੁਣੇ ਹੋਏ ਲੋਕ ਸਭਾ ਮੈਂਬਰ ਇੰਜੀਨੀਅਰ ਰਸੀਦ ਸੀ ਜੋ ਕਿ ਐਨ.ਐਸ.ਏ. ਅਧੀਨ ਹੀ ਤਿਹਾੜ ਜੇਲ ਵਿਚ ਬੰਦ ਹੈ, ਨੂੰ ਆਪਣੇ ਲੋਕਾਂ ਦੀ ਗੱਲ ਕਰਨ ਦੇ ਅਧਾਰ ਤੇ ਹੀ ਸੁਪਰੀਮ ਕੋਰਟ/ਕੇਂਦਰ ਸਰਕਾਰ ਵੱਲੋਂ ਪੈਰੋਲ ਦੇ ਕੇ ਲੋਕ ਸਭਾ ਵਿਚ ਹਾਜ਼ਰ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਫਿਰ ਉਸੇ ਤਰ੍ਹਾਂ ਦੇ ਦੂਜੇ ਕੇਸ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦੀ ਆਪ ਸਰਕਾਰ ਵੱਲੋਂ ਸੂਬੇ ਅਤੇ ਦੇਸ਼ ਨੂੰ ਖ਼ਤਰਾ ਦੱਸ ਕੇ ਪੈਰੋਲ ਨਾ ਦੇਣ ਦੀ ਸਿਫਾਰਸ਼ ਕਰਨਾ ਇਕ ਨਾ ਇਨਸਾਫ਼ੀ ਹੀ ਲੱਗਦੀ ਹੈ। ਜ਼ਰੂਰੀ ਨਹੀਂ ਕਿ ਸਾਰੇ ਲੋਕ ਭਾਈ ਅੰਮ੍ਰਿਤਪਾਲ ਦੀ ਸਿਆਸਤ ਅਤੇ ਸੋਚ ਨਾਲ ਸਹਿਮਤ ਹੋਣ, ਪ੍ਰੰਤੂ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਕੇ ਹਲਕੇ ਦੀ ਨੁਮਾਇੰਦਗੀ ਦਾ ਹੱਕ ਖੋਹਣਾ ਜਿੱਥੇ ਉਨ੍ਹਾਂ ਨਾਲ ਹੀ ਨਹੀਂ ਹਲਕਾ ਖਡੂਰ ਸਾਹਿਬ ਦੇ ਵੋਟਰਾਂ ਨਾਲ ਬੇਇਨਸਾਫ਼ੀ ਹੀ ਹੈ। ਭਾਵੇਂ ਕਿ ਅਜੇ ਤੱਕ ਉਹ ਸਿਰਫ਼ ਦੋਸ਼ਾਂ ਅਧੀਨ ਹੀ ਬੰਦ ਹਨ ਨਾ ਕਿ ਕਿਸੇ ਅਦਾਲਤ ਵੱਲੋਂ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਅਜਿਹੇ ਵਿਚ ਪੈਰੋਲ ਨਾ ਦੇਣ ਦੀ ਸਿਫ਼ਾਰਸ਼ ਕਰਕੇ ਪੰਜਾਬ ਸਰਕਾਰ ਨੇ ਕੋਈ ਬਹੁਤਾ ਚੰਗਾ ਮਾਅਰਕਾ ਨਹੀਂ ਮਾਰ ਲਿਆ।

## ( 3 ) ਵਿਛੋੜਾ ਦੇ ਗਿਆ ਪੰਜਾਬ ਦਾ ਪੁੱਤਰ ਧਰਮਿੰਦਰ ਸਿੰਘ ਦਿਉਲ

ਭਾਰਤੀ ਫ਼ਿਲਮਾਂ ਦਾ ਚਮਕਦਾ ਸਿਤਾਰਾ ਤੇ ਪੰਜਾਬ ਦਾ ਪੁੱਤਰ ਧਰਮਿੰਦਰ ਦਿਨ 24 ਨਵੰਬਰ 2025 ਨੂੰ 89 ਸਾਲ ਦੀ ਉਮਰ ਵਿਚ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਚੜ੍ਹਾਈ ਕਰ ਗਿਆ। ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਲਲਤੋਂ ਨਜ਼ਦੀਕ ਪਿੰਡ ਨਸਰਾਲੀ ਵਿਚ ਮਾਤਾ ਸਤਵੰਤ ਕੌਰ ਤੇ ਪਿਤਾ ਮਾਸਟਰ ਕੇਵਲ ਕ੍ਰਿਸ਼ਨ ਦਿਉਲ ਦੇ ਘਰ ਜਨਮੇ ਇਸ ਬਹੁਤ ਹੀ ਖ਼ੂਬਸੂਰਤ ਦਿਖ ਦੇ ਮਾਲਕ ਨੇ ਭਾਰਤੀ ਸਿਨੇਮਾ ਵਿਚ ਤਕਰੀਬਨ 60 ਸਾਲ ਰਾਜ ਕੀਤਾ। ਪਿਤਾ ਜੀ ਦੀ ਬਦਲੀ ਫਗਵਾੜੇ ਨਜ਼ਦੀਕ ਹੋ ਜਾਣ ਕਾਰਨ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਉਚੇਰੀ ਪੜ੍ਹਾਈ ਲਈ ਦਾਖਲਾ ਲਿਆ ਪ੍ਰੰਤੂ ਮੰਜ਼ਿਲਾਂ ਕੁਝ ਹੋਰ ਸਨ ਤੇ ਉਡਾਰੀ ਮਾਰ ਕੇ ਫ਼ਿਲਮਾਂ ਵਿਚ ਕੰਮ ਲੱਭਣ ਦੇ ਟੀਚੇ ਨਾਲ ਮੁੰਬਈ ਪਹੁੰਚ ਗਿਆ। ਮੁੱਢਲੀ ਜਦੋ ਜਹਿਦ ਤੋਂ ਬਾਅਦ ਆਈ ਮਿਲਨ ਕੀ ਬੇਲਾ, ਫੂਲ ਔਰ ਪੱਥਰ, ਆਏ ਦਿਨ ਬਹਾਰ ਕੇ ਵਰਗੀਆਂ ਖ਼ੂਬਸੂਰਤ ਤੇ ਹਿੱਟ ਫ਼ਿਲਮਾਂ ਵਿਚ ਕੰਮ ਕਰਕੇ ਅਭਿਨੈ ਦੀ ਕਮਾਲ ਦੀ ਛਾਪ ਛੱਡਦੇ ਹੋਏ ਸ਼ੁਰੂਆਤ ਕੀਤੀ। ਹਿੰਦੀ ਫ਼ਿਲਮਾਂ ਦੇ ਹੀ-ਮੈਨ ਵਜੋਂ ਪ੍ਰਸਿੱਧ ਹੋਏ ਧਰਮਿੰਦਰ ਨੇ ਫਿਰ ਲੜੀਵਾਰ ਕਾਮਯਾਬ ਫ਼ਿਲਮਾਂ ਦੀ ਇਕ ਲੰਮੀ ਝੜੀ ਲਗਾ ਦਿੱਤੀ। ਆਖੇਂ, ਸ਼ਿਕਾਰ, ਆਇਆ ਸਾਵਨ ਝੂਮ ਕੇ, ਜੀਵਨ ਮ੍ਰਿਤੂ, ਮੇਰਾ ਗਾਂਵ ਮੇਰਾ ਦੇਸ਼, ਸੀਤਾ ਔਰ ਗੀਤਾ, ਰਾਜਾ ਜਾਨੀ, ਜੁਗਨੂੰ, ਯਾਦੋਂ ਕੀ ਬਰਾਤ, ਦੋਸਤ, ਸ਼ੋਲੇ, ਪ੍ਰਤੀਗਿਆ, ਧਰਮਵੀਰ, ਚਾਚਾ ਭਤੀਜਾ, ਗੁਲਾਮੀ, ਹਕੂਮਤ, ਆਗ ਹੀ ਆਗ, ਤਹਿਲਕਾ, ਐਲਾਨ-ਏ-ਜੰਗ, ਨਯਾ ਜ਼ਮਾਨਾ, ਸਤਿਆਕਾਮ, ਸਮਾਧੀ, ਚੁਪਕੇ-ਚੁਪਕੇ, ਦ ਬਰਨਿੰਗ ਟ੍ਰੇਨ, ਦੋ ਦਿਸ਼ਾਏਂ, ਗਜਬ, ਅਨਪੜ੍ਹ, ਬੰਦਨੀ, ਅਨੁਪਮਾ, ਮਮਤਾ, ਮਝਲੀ ਦੀਦੀ ਆਦਿ ਪ੍ਰਮੁੱਖ ਸਨ।

ਬਾਅਦ ਵਿਚ ਉਸ ਨੇ ਕਈ ਫ਼ਿਲਮਾਂ ਵਿਚ ਯਾਦਗਾਰੀ ਚਰਿੱਤਰ ਕਿਰਦਾਰ ਵੀ ਨਿਭਾਏ ਜਿਵੇਂ ਪਿਆਰ ਕੀਆ ਤੋ ਡਰਨਾ ਕਿਆ, ਲਾਇਫ ਇਨ ਏ ਮੈਟਰੋ, ਮੇਰੇ ਅਪਨੇ, ਯਮਲਾ ਪਗਲਾ ਦੀਵਾਨਾ, ਰੌਕੀ ਔਰ ਰਾਣੀ ਦੀ ਪ੍ਰੇਮ ਕਹਾਣੀ ਆਦਿ। ਸੰਨ 1997 ਵਿਚ ਉਸ ਨੂੰ ਫ਼ਿਲਮਾਂ ਵਿਚ ਵਿਸ਼ੇਸ਼ ਯੋਗਦਾਨ ਲਈ ਫਿਲਮ ਫੇਅਰ ਲਾਇਫਟਾਇਮ ਅਚੀਵਮੈਂਟ ਐਵਾਰਡ ਵੀ ਮਿਲਿਆ। ਉਸ ਨੇ ਪ੍ਰਕਾਸ਼ ਕੌਰ ਨਾਲ ਸੰਨ 1954 ਵਿਚ ਪਹਿਲੀ ਅਤੇ ਪ੍ਰਸਿੱਧ ਅਦਾਕਾਰਾ ਹੇਲਾ ਮਾਲਿਨੀ ਨਾਲ 1980 ਵਿਚ ਦੂਜੀ ਸ਼ਾਦੀ ਕਰਵਾਈ। ਦੋਨਾਂ ਸ਼ਾਦੀਆਂ ਤੋਂ ਧਰਮਿੰਦਰ ਦੇ ਦੋ ਪੁੱਤਰ ਤੇ ਚਾਰ ਬੇਟੀਆਂ ਸਨ।

ਸੰਨ 2012 ਵਿਚ ਧਰਮਿੰਦਰ ਨੂੰ ਪਦਮ ਭੂਸ਼ਨ ਦੇ ਖਿਤਾਬ ਨਾਲ ਵੀ ਨਿਵਾਜਿਆ ਗਿਆ। ਉਸ ਨੇ ਕਣਕਾਂ ਦੇ ਉਹਲੇ, ਦੋ ਸ਼ੇਰ, ਦੁਖ ਭੰਜਨ ਤੇਰਾ ਨਾਮ, ਤੇਰੀ ਮੇਰੀ ਇਕ ਜਿੰਦੜੀ, ਕੁਰਬਾਨੀ ਜੱਟ ਦੀ, ਪੁੱਤ ਜੱਟਾਂ ਦੇ, ਪ੍ਰਸਿੱਧ ਪੰਜਾਬੀ ਫ਼ਿਲਮਾਂ ਵਿਚ ਵੀ ਕੰਮ ਕੀਤਾ। ਸੰਨ 2004 ਵਿਚ ਰਾਜਸਥਾਨ ਦੇ ਬੀਕਾਨੇਰ ਤੋਂ ਭਾਰਤੀ ਜਨਤਾ ਪਾਰਟੀ ਦੀ ਟਿਕਟ ਤੇ ਸੰਸਦ ਮੈਂਬਰ ਵੀ ਚੁਣੇ ਗਏ। ਭਾਰਤੀ ਫ਼ਿਲਮ ਉਦਯੋਗ ਵਿਚ ਵਿਸ਼ੇਸ਼ ਤੇ ਮੋਹਰੀ ਭੂਮਿਕਾ ਨਿਭਾਉਣ ਲਈ ਸਮੇਂ-ਸਮੇਂ ਤੇ ਉਹਨਾਂ ਨੂੰ ਬਹੁਤ ਸਨਮਾਨ ਮਿਲੇ। ਪੰਜਾਬ ਸਮੇਤ ਪੂਰਾ ਭਾਰਤ ਧਰਮਿੰਦਰ ਦੇ ਵਿਛੋੜੇ ਤੇ ਪੂਰੀ ਤਰ੍ਹਾਂ ਗਮਗੀਨ ਹੈ।



## ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

66.

**ਰਾਜੋਂ ਸੇ ਔਰ ਨਵਾਬ ਸੇ ਦਿਲਵਾਓ ਗਰ ਇਨਾਮ।**
**ਆਕਾ ਕੀ ਮਾਂ ਕੋ, ਬੇਟੋਂ ਕੋ, ਪਕੜਾਊਂ ਲਾ-ਕਲਾਮ।**
**ਪਾ ਕੇ ਸਿਲ ਬਜ਼ੀਦ ਸੇ ਤੁਮ ਭੀ ਹੋ ਸ਼ਾਦ-ਕਾਮ।**
**ਮੁਝ ਕੋ ਭੀ ਖਿਲਅਤੋਂ ਸੇ ਕਰੇ ਫਾਇਜ਼ੁਲਮਰਾਮ।**
**ਅਲਕਿੱਸਾ, ਲੇ ਕੇ ਸਾਥ ਵੁਹ, ਜਾਸੂਸ ਆ ਗਿਆ।**
**ਪਕੜਾਨੇ ਸ਼ਾਹਜ਼ਾਦੋਂ ਕੋ ਮਨਹੂਸ ਆ ਗਿਆ।**

ਜੇਕਰ ਤੁਸੀਂ ਮੈਨੂੰ ਨਵਾਬ ਅਤੇ ਰਾਜਿਆਂ ਪਾਸੋਂ ਇਨਾਮ ਦਿਵਾ ਸਕੋ ਤਾਂ ਮੈਂ ਨਿਰਸੰਦੇਹ ਆਪਣੇ ਮਾਲਕ ਦੀ ਮਾਤਾ ਅਤੇ ਬੇਟਿਆਂ ਨੂੰ ਪਕੜਵਾ ਸਕਦਾ ਹਾਂ। ਨਵਾਬ ਬਜ਼ੀਦ ਖਾਨ ਪਾਸੋਂ ਇਨਾਮ ਹਾਸਲ ਕਰਕੇ ਤੁਸੀਂ ਵੀ ਖੁਸ਼ ਹੋਵੋ ਅਤੇ ਉਹ ਮੈਨੂੰ ਵੀ ਖ਼ਿਲਅਤਾਂ ਨਾਲ ਨਿਵਾਜ ਕੇ ਕਾਮਯਾਬ ਕਰੇਗਾ। ਮੁੱਕਦੀ ਗੱਲ, ਮਨਹੂਸ ਗੰਗੂ ਸਾਹਿਬਜ਼ਾਦਿਆਂ ਨੂੰ ਪਕੜਾਣ ਲਈ ਜਾਸੂਸਾਂ ਨੂੰ ਲੈ ਕੇ ਆਪਣੇ ਪਿੰਡ ਪੁੱਜ ਗਿਆ।

67.

**ਬੱਚੇ ਉਨ੍ਹੋਂ ਨੇ ਆ ਕੇ ਗ੍ਰਿਫ਼ਤਾਰ ਕਰ ਲੀਏ।**
**ਕਾਬੂ ਬ-ਜਬਰ ਬੇਕਸੋ-ਬੇਯਾਰ ਕਰ ਲੀਏ।**
**ਕਬਜ਼ੇ ਮੇਂ ਅਪਨੇ ਦੁਰਿ-ਸ਼ਾਹਵਾਰ ਕਰ ਲੀਏ।**
**ਸਰਹਿੰਦ ਸਾਥ ਚਲਨੇ ਕੋ ਤੱਯਾਰ ਕਰ ਲੀਏ।**
**ਪੀਨਸ ਥੀ, ਨਾ ਪਾਲਕੀ ਥੀ, ਨਾ ਵੁਹ ਅੰਮਾਰੀ ਥੀ।**
**ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ।**

ਉਨ੍ਹਾਂ ਨੇ ਆ ਕੇ ਜ਼ਬਰਦਸਤੀ ਦੁਖੀ ਤੇ ਬੇਸਹਾਰਾ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਦਸਮ ਸਤਿਗੁਰਾਂ ਦੇ ਦੋ ਅਮੁੱਲੇ ਮੋਤੀ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਸਰਹਿੰਦ ਜਾਣ ਲਈ ਤਿਆਰੀ ਕਰ ਲਈ। ਗੁਰੂ ਪਰਿਵਾਰ ਨੂੰ ਲਿਜਾਣ ਲਈ ਡੋਲੀ, ਪਾਲਕੀ ਜਾਂ ਹਾਥੀ ਆਦਿ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ ਗਿਆ। ਬੇਈਮਾਨ ਸਵਾਰੀ ਲਈ ਬੈਲਗੱਡੀ ਹੀ ਲੈ ਕੇ ਆਏ ਸਨ।

68.

**ਸਰਹਿੰਦ ਜਾ ਕੇ ਪਹੁੰਚੇ ਹਜ਼ਾਰ ਇਜ਼ਤਰਾਬ ਸੇ।**
**ਦੋ-ਚਾਰ ਹਾਏ ! ਜਬ ਹੁਏ ਜ਼ਾਲਿਮ ਨਵਾਬ ਸੇ।**
**ਕਮਬਖ਼ਤ ਦੇਖਦੇ ਹੀ ਯੇਹ ਬੋਲਾ ਅਤਾਬ ਸੇ।**
**ਫ਼ਿਲਹਾਲ ਇਨ ਕੋ ਕੈਦ ਮੇਂ, ਮੁਕੱਯਦ ਹਜ਼ੂਰ ਥੇ।**
**ਦੋ ਚਾਂਦ ਏਕ ਬੁਰਜ ਮੇਂ, ਰਖਤੇ ਜ਼ਹੂਰ ਥੇ।**

ਗੁਰੂ ਪਰਿਵਾਰ ਹਜ਼ਾਰਾਂ ਪਰੇਸ਼ਾਨੀਆਂ ਝੱਲਦਾ ਹੋਇਆ ਸਰਹਿੰਦ ਪੁੱਜਾ। ਜਦੋਂ ਜ਼ਾਲਮ ਨਵਾਬ ਨਾਲ ਆਹਮੋ-ਸਾਹਮਣੇ ਹੋਏ ਤਾਂ ਉਹ ਬਦਕਿਸਮਤ ਇਨ੍ਹਾਂ ਨੂੰ ਵੇਖਦੇ ਹੀ ਭਾਰੀ ਗੁੱਸੇ ਨਾਲ ਬੋਲਿਆ ਕਿ ਹਾਲ ਦੀ ਘੜੀ ਇਨ੍ਹਾਂ ਨੂੰ ਕਠੋਰ ਕਾਰਾਵਾਸ ਵਿਚ ਰੱਖਿਆ ਜਾਵੇ। ਕੈਦ ਲਈ ਇਕ ਗੁੰਬਦ-ਨੁਮਾ ਮਕਾਨ ਚੁਣਿਆ ਗਿਆ, ਮਾਨੋ ਦੋ ਚੰਦ ਇਕ ਬੁਰਜ ਵਿਚ ਰੌਸ਼ਨੀ ਬਿਖੇਰ ਰਹੇ ਸਨ।

69.

**ਕੈਦਿ-ਬਲਾ ਮੇਂ ਤੀਸਰਾ ਦਿਨ ਥਾ ਜਨਾਬ ਕੋ।**

**ਬੇ-ਆਬ ਕਰ ਚੁਕੀ ਥੀ, ਅਤਸ਼ ਹਰ ਗੁਲਾਬ ਕੋ।**

**ਤਰਸੇ ਹੁਏ ਥੇ ਰਿਜ਼ਕ ਕੋ ਜੀ ਔਰ ਖ਼ਵਾਬ ਕੋ।**

**ਇਸ ਰੋਜ਼ ਸੁੱਚਾ ਨੰਦ ਯੇਹ ਬੋਲਾ ਨਵਾਬ ਕੋ-**

**ਮੰਗਵਾ ਕੇ ਕਲਗੀਧਰ ਕੇ ਪਿਸਰ ਇੰਤਕਾਮ ਲੋ।**

**ਮਾਸੂਮ ਉਨ੍ਹੇਂ ਸਮਝ ਕੇ, ਦਯਾ ਸੇ ਨ ਕਾਮ ਲੋ।**

ਕਸ਼ਟਦਾਇਕ ਕੈਦ ਵਿਚ ਤੀਜਾ ਦਿਨ ਹੋ ਗਿਆ ਸੀ। ਪਿਆਸ ਨੇ ਹਰ ਗੁਲਾਬ (ਸਾਹਿਬਜ਼ਾਦੇ) ਨੂੰ ਨਿਚੋੜ ਸੁੱਟਿਆ ਸੀ। ਮੂੰਹ ਵਿਚ ਅੰਨ ਨਾ ਪੈਣ ਕਾਰਨ ਨੀਂਦਰ ਵੀ ਉੱਡ ਚੁੱਕੀ ਸੀ। ਅੱਜ ਸੁੱਚਾ ਨੰਦ ਨੇ ਨਵਾਬ ਨੂੰ ਕਿਹਾ ਕਿ ਕਲਗੀਧਰ ਦੇ ਪੁੱਤਰਾਂ ਨੂੰ ਬੁਲਾ ਕੇ, ਉਨ੍ਹਾਂ ਤੋਂ ਬਦਲਾ ਲਵੋ। ਉਨ੍ਹਾਂ ਨੂੰ ਮਾਸੂਮ ਜਾਣ ਕੇ ਐਵੇਂ ਰਹਿਮ ਨਾ ਕਰੀ ਜਾਓ।

70.

**ਬੋਲਾ ਵੁਹ ਸੁੱਚਾ ਨੰਦ ਸੇ ਲੇ ਆ ਉਨ੍ਹੇਂ ਸ਼ਿਤਾਬ।**

**ਚਰਕੋਂ ਸੇ ਸਤਿਗੁਰੂ ਕੇ, ਜਿਗਰ ਹੈ ਮੇਰਾ ਕਬਾਬ।**

**ਗੋਬਿੰਦ ਨੇ ਗੰਵਾ ਦੀਆ, ਸਭ ਮੇਰਾ ਰੋਅਬ-ਦਾਬ।**

**ਰਾਜੋਂ ਕੇ ਸਾਥ ਮੇਰੀ ਭੀ, ਮੱਟੀ ਹੁਈ ਖ਼ਰਾਬ।**

**ਦੁਸ਼ਮਨ ਕੇ ਬੱਚੇ ਕਤਲ ਕਰੂੰਗਾ ਜ਼ਰੂਰ ਮੈਂ।**

**ਕਹਨੇ ਪੇ ਤੇਰੇ ਆਜ ਚਲੂੰਗਾ ਜ਼ਰੂਰ ਮੈਂ।**

ਇਸ 'ਤੇ ਨਵਾਬ ਨੇ ਸੁੱਚਾ ਨੰਦ ਨੂੰ ਕਿਹਾ ਕਿ ਹੁਣ ਛੇਤੀ ਉਨ੍ਹਾਂ ਨੂੰ ਲੈ ਆ। ਸਤਿਗੁਰਾਂ ਦੇ ਸ਼ਬਦਾਂ ਦੀਆਂ ਚੋਭਾਂ ਨੇ ਮੇਰਾ ਜਿਗਰ ਚੀਰ ਸੁੱਟਿਆ ਹੈ। ਉਨ੍ਹਾਂ ਮੇਰੀ ਕੁੱਲ ਸ਼ਾਨੋ-ਸ਼ੌਕਤ ਮਲੀਆਮੇਟ ਕਰ ਦਿੱਤੀ ਹੈ ਅਤੇ ਪਹਾੜੀ ਰਾਜਿਆਂ ਨਾਲ ਮੇਰੀ ਵੀ ਬੜੀ ਬਦਨਾਮੀ ਹੋਈ ਹੈ। ਮੈਂ ਦੁਸ਼ਮਣ ਦੇ ਬੱਚਿਆਂ ਨੂੰ ਆਵੱਸ਼ ਕਤਲ ਕਰਾਂਗਾ ਅਤੇ ਅੱਜ ਤੇਰੇ ਕਹਿਣੇ ਅਨੁਸਾਰ ਹੀ ਚੱਲਾਂਗਾ।

(ਚਲਦਾ)

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

# ਪੱਛਮੀ ਦੇਸ਼ਾਂ ਦਾ ਸਭ ਤੋਂ ਵੱਡਾ ਤਿਉਹਾਰ ਕ੍ਰਿਸਮਿਸ ਡੇ

**ਭਜਨ ਸਿੰਘ ਬਾਂਹਬਾ**



ਕ੍ਰਿਸਮਿਸ ਈਸਾ ਮਸੀਹ ਦੇ ਜਨਮ ਦਿਨ ਦੀ ਖੁਸ਼ੀ ਵਿਚ 25 ਦਸੰਬਰ ਨੂੰ ਵਿਸ਼ਵ ਭਰ ਵਿਚ ਮਨਾਇਆ ਜਾਣ ਵਾਲਾ ਬਹੁਤ ਵੱਡਾ ਤਿਉਹਾਰ ਹੈ। ਇਸ ਦਿਨ ਸਾਰੇ ਵਿਸ਼ਵ ਭਰ ਵਿਚ ਛੁੱਟੀ ਹੁੰਦੀ ਹੈ।

ਈਸਾ ਮਸੀਹ ਇਕ ਮਹਾਨ ਵਿਅਕਤੀ ਸਨ ਅਤੇ ਉਨ੍ਹਾਂ ਨੇ ਸਮਾਜ ਨੂੰ ਪਿਆਰ ਅਤੇ ਇਨਸਾਨੀਅਤ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਦੁਨੀਆਂ ਦੇ ਲੋਕਾਂ ਨੂੰ ਪ੍ਰੇਮ ਅਤੇ ਭਾਈਚਾਰੇ ਦੇ ਨਾਲ ਰਹਿਣ ਦਾ ਸੰਦੇਸ਼ ਦਿੱਤਾ। ਇਨ੍ਹਾਂ ਨੂੰ ਈਸਾਈ ਧਰਮ ਵਿਚ ਈਸ਼ਵਰ ਦਾ ਇਕਲੌਤਾ ਪੁੱਤਰ ਮੰਨਿਆ ਜਾਂਦਾ ਹੈ। ਉਸ ਸਮੇਂ ਦੇ ਸ਼ਾਸਕਾਂ ਨੂੰ ਈਸਾ ਮਸੀਹ ਦਾ ਸੰਦੇਸ਼ ਪਸੰਦ ਨਹੀਂ ਸੀ। ਉਨ੍ਹਾਂ ਨੇ ਈਸਾ ਮਸੀਹ ਨੂੰ ਸੂਲੀ ਉੱਤੇ ਲਟਕਾ ਦਿੱਤਾ ਸੀ। ਪਰ ਇਸ ਤਰ੍ਹਾਂ ਦੀ ਮਾਨਤਾ ਹੈ ਕਿ ਉਹ ਫਿਰ ਜਿੰਦਾ ਹੋ ਗਏ ਸਨ।

ਕ੍ਰਿਸਮਿਸ ਦਾ ਤਿਉਹਾਰ ਪੱਛਮੀ ਦੇਸ਼ਾਂ ਵਿਚ ਈਸਾਈ ਭਾਈਚਾਰੇ ਵੱਲੋਂ ਹੀ ਨਹੀਂ ਬਲਕਿ ਵੱਖ-ਵੱਖ ਲੋਕਾਂ ਵੱਲੋਂ ਵੀ ਬਹੁਤ ਚਾਵਾਂ ਨਾਲ ਮਨਾਇਆ ਜਾਂਦਾ ਹੈ। ਦਸੰਬਰ ਮਹੀਨਾ ਸ਼ੁਰੂ ਹੁੰਦੇ ਸਾਰ ਹੀ ਲੋਕੀਂ ਘਰ, ਸ਼ੋਰੂਮ, ਪਲਾਜ਼ੇ ਆਦਿ ਦੀ ਸਜਾਵਟ ਸ਼ੁਰੂ ਕਰ ਦਿੰਦੇ ਹਨ। ਹਰ ਪਾਸੇ ਰੰਗੀਨ ਰੋਸ਼ਨੀਆਂ ਨਾਲ ਘਰ ਅਤੇ ਬਾਜ਼ਾਰ ਜਗਮਗਾ ਰਹੇ ਹੁੰਦੇ ਹਨ। ਇਹਨਾਂ ਦੇਸ਼ਾਂ ਵਿਚ ਕ੍ਰਿਸਮਿਸ ਦੇ ਤਿਉਹਾਰ ਦੀ ਖੁਸ਼ੀ ਕਾਰਨ ਸਾਰੇ ਦਸੰਬਰ ਮਹੀਨੇ ਵਿਚ ਬਹੁਤ ਵੱਡੀਆਂ-ਵੱਡੀਆਂ ਸੇਲਾਂ ਵੀ ਲਗਾਈਆਂ ਜਾਂਦੀਆਂ ਹਨ।

ਇਸ ਦਿਨ ਚਰਚ ਵਿਚ ਵਿਸ਼ੇਸ਼ ਪ੍ਰਾਥਨਾਵਾਂ ਹੁੰਦੀਆਂ ਹਨ। ਲੋਕ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਮਿਲਣ ਉਨ੍ਹਾਂ ਦੇ ਘਰ ਜਾਂਦੇ ਹਨ ਅਤੇ ਇਕ ਦੂਜੇ ਨੂੰ ਉਪਹਾਰ ਦਿੰਦੇ ਹਨ। ਇਸ ਦਿਨ ਘਰਾਂ ਵਿਚ ਕ੍ਰਿਸਮਿਸ ਟਰੀ (ਰੁੱਖ) ਲਗਾਇਆ ਜਾਂਦਾ ਹੈ। ਕਈ ਥਾਵਾਂ ਉੱਤੇ ਈਸਾ ਮਸੀਹ ਦੀ ਜਨਮ ਗਾਥਾ ਨੂੰ ਨਾਟਕ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ ਅਤੇ ਪ੍ਰਭੂ ਈਸਾ ਮਸੀਹ ਦੇ ਗੀਤਾਂ ਦੀ ਅੰਤਰਾਕਸ਼ੀ ਵੀ ਖੇਡੀ ਜਾਂਦੀ ਹੈ।

ਕ੍ਰਿਸਮਿਸ ਦੇ ਤਿਉਹਾਰ ਦੇ ਨਾਲ ਸਾਂਤਾਕਲਾਜ (ਜਿਸ ਨੂੰ ਕ੍ਰਿਸਮਿਸ ਦਾ ਪਿਤਾ ਵੀ ਕਿਹਾ ਜਾਂਦਾ ਹੈ) ਵੀ ਇਕ ਬਹੁਤ ਹੀ ਲੋਕਪ੍ਰਿਯ, ਪੁਰਾਣੀ ਪਰੰਤੂ ਕਾਲਪਨਿਕ ਸਖ਼ਸ਼ੀਅਤ ਹੈ। ਜਿਸ ਨੂੰ ਅਕਸਰ ਕ੍ਰਿਸਮਿਸ ਵਾਲੇ ਦਿਨ ਬੱਚਿਆਂ ਲਈ ਤੋਹਫੇ ਲੈ ਕੇ ਆਉਣ ਨਾਲ ਜੋੜਿਆ ਜਾਂਦਾ ਹੈ। ਇਸ ਦਿਨ ਛੋਟੇ ਬੱਚਿਆਂ ਦੀ ਸ਼ਾਤਾਂਕਲਾਜ ਨਾਲ ਫੋਟੋ ਖਿਚਵਾਈਆਂ ਜਾਂਦੀਆਂ ਹਨ ਅਤੇ ਸਵੇਰ ਸਮੇਂ ਬੱਚਿਆਂ ਨੂੰ ਗਿਫ਼ਟ ਜੋ ਕਿ ਅਸਲ ਵਿਚ ਮਾਂ ਬਾਪ ਵੱਲੋਂ ਦਿੱਤੇ ਜਾਂਦੇ ਹਨ ਦੱਸਿਆ ਜਾਂਦਾ ਹੈ ਕਿ ਸਾਂਤਾ ਇਹ ਗਿਫ਼ਟ ਦੇ ਕੇ ਗਿਆ ਹੈ।



ਪੱਛਮੀ ਦੇਸ਼ਾਂ ਵਿਚ ਕ੍ਰਿਸਮਿਸ ਤੋਂ ਅਗਲੇ ਦਿਨ 26 ਦਸੰਬਰ ਮਨਾਇਆ ਜਾਣ ਵਾਲਾ ਪ੍ਰਸਿੱਧ ਦਿਨ ਬਾਕਸਿੰਗ ਡੇਅ ਹੁੰਦਾ ਹੈ। ਕੁਝ ਕੈਥੋਲਿਕ ਦੇਸ਼ਾਂ ਵਿਚ ਇਸ ਨੂੰ ਸੇਂਟ ਸਟੀਫੇਂਸ ਡੇਅ ਜਾਂ ਫੀਸਟ ਆਫ਼ ਸੇਂਟ ਸਟੀਫੇਂਸ ਵੀ ਕਹਿੰਦੇ ਹਨ। ਇਸ ਤਰ੍ਹਾਂ ਇਹ ਤਿਉਹਾਰ ਸਾਰੇ ਸੰਸਾਰ ਵਿਚ ਬਹੁਤ ਹੀ ਹਰਸ਼ੋ ਉਲਾਸ ਨਾਲ ਮਨਾਇਆ ਜਾਂਦਾ ਹੈ।

# ਕਮਰ ਅਤੇ ਗੁੱਟ ਦਾ ਦਰਦ

ਨਵਪ੍ਰੀਤ ਕੌਰ

## ਕਮਰ ਦਾ ਦਰਦ

ਕਮਰ ਦਰਦ ਅੱਜ-ਕੱਲ੍ਹ ਦੀ ਜੀਵਨਸ਼ੈਲੀ ਵਿਚ ਇਕ ਆਮ ਤਕਲੀਫ ਬਣਦੀ ਜਾ ਰਹੀ ਹੈ। ਕਈ ਵਾਰ ਇਹ ਦਰਦ ਗੀੜ ਦੀ ਹੱਡੀ ਵਿਚ ਕੋਈ ਵਿਗਾੜ ਪੈਦਾ ਹੋਣ ਨਾਲ ਹੁੰਦਾ ਹੈ ਪਰ ਬਹੁਤੇ ਲੋਕਾਂ ਵਿਚ ਇਸ ਦਾ ਕਾਰਨ ਮਾਸਪੇਸ਼ੀਆਂ ਦਾ ਦਬਾਅ ਜਾਂ ਕਮਜ਼ੋਰੀ ਹੀ ਹੁੰਦਾ ਹੈ। ਇਸ ਤਰ੍ਹਾਂ ਦਾ ਦਰਦ ਕੁਝ ਕਸਰਤਾਂ ਅਤੇ ਜੀਵਨ-ਸ਼ੈਲੀ ਵਿਚ ਕੁਝ



ਤਬਦੀਲੀਆਂ ਦੁਆਰਾ ਦੂਰ ਕੀਤਾ ਜਾ ਸਕਦਾ ਹੈ।

**ਕਮਰ ਦੀਆਂ ਮਾਸਪੇਸ਼ੀਆਂ ਖਿੱਚਣ ਦੀਆਂ ਕਸਰਤਾਂ -**

1. ਜ਼ਮੀਨ 'ਤੇ ਪਿੱਠ ਭਾਰ ਲੇਟ ਕੇ ਦੋਵੇਂ ਗੋਡੇ ਮੋੜੋ ਅਤੇ ਪੈਰ ਜ਼ਮੀਨ 'ਤੇ ਟਿਕਾਉ।
2. ਦੋਵੇਂ ਹੱਥ ਪੇਟ ਤੋਂ ਰੱਖੋ ਤਾਂ ਕਿ ਕਸਰਤ ਦੌਰਾਨ ਪੇਟ ਦੀਆਂ ਮਾਸਪੇਸ਼ੀਆਂ ਦੀ ਹਰਕਤ ਨੂੰ ਮਹਿਸੂਸ ਕੀਤਾ ਜਾ ਸਕੇ।
3. ਹੁਣ ਕਮਰ ਤੇ ਕੁੱਬ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕਰੋ। ਇਸ ਲਈ ਪੇਟ ਦੀਆਂ ਮਾਸਪੇਸ਼ੀਆਂ ਨੂੰ ਅੰਦਰ ਵੱਲ ਕੱਸਦੇ ਹੋਏ ਕਮਰ ਨੂੰ ਜ਼ਮੀਨ ਦੇ ਨਾਲ ਲਗਾਉ।
4. 10-20 ਸਕਿੰਟ ਇਹ ਅਵਸਥਾ ਕਾਇਮ ਰੱਖੋ।
5. 3-4 ਵਾਰ ਇਹ ਕਸਰਤ ਦੁਹਰਾਉ।
6. ਜ਼ਮੀਨ 'ਤੇ ਲੇਟ ਕੇ ਕਰਨ ਵਾਲੀਆਂ ਹੋਰ ਕਸਰਤਾਂ ਸਮੇਂ ਇਹ ਅਵਸਥਾ ਕਮਰ ਨੂੰ ਵਾਧੂ ਤਣਾਅ ਤੋਂ ਬਚਾ ਕੇ ਰੱਖਦੀ ਹੈ।

## ਗੁੱਟ ਦਾ ਦਰਦ

ਕਾਰਪਲ ਟਨਲ ਸਿੰਡਰਮ ਗੁੱਟ ਵਿਚ ਦਰਦ ਪੈਦਾ ਹੋਣ ਦਾ ਇਕ ਆਮ ਕਾਰਨ ਹੈ। ਇਹ ਦਰਦ ਗੁੱਟ ਵਿਚੋਂ ਲੰਘ ਕੇ ਹੱਥ ਤੱਕ ਜਾਣ ਵਾਲੀ ਇਕ ਪ੍ਰਮੁੱਖ ਨਾੜ 'ਤੇ ਦਬਾਅ ਪੈਣ ਨਾਲ ਹੁੰਦਾ ਹੈ। ਗੁੱਟ ਦੀ ਲੰਮੇ ਸਮੇਂ



ਤੱਕ ਦੁਰਵਰਤੋਂ, ਸਰੀਰਕ ਭਾਰ ਦਾ ਵਧਣਾ ਜਾਂ ਕਿਸੇ ਬਿਮਾਰੀ ਕਾਰਨ ਗੁੱਟ ਵਿਚ ਸੋਜ਼ਿਸ਼ ਪੈਦਾ ਹੋ ਜਾਂਦੀ ਹੈ ਜੋ ਇਸ ਵਿਚੋਂ ਲੰਘਣ ਵਾਲੀਆਂ ਨਾੜਾਂ 'ਤੇ ਦਬਾਅ ਪਾਉਣ ਲੱਗਦੀ ਹੈ। ਇਸ ਤੋਂ ਇਲਾਵਾ ਗੁੱਟ ਦੀ ਸੱਟ, ਗਠੀਆ ਆਦਿ ਵੀ ਗੁੱਟ ਵਿਚ ਦਰਦ ਪੈਦਾ ਕਰ ਸਕਦੇ ਹਨ। ਤਕਲੀਫ ਦੂਰ ਕਰਨ ਲਈ ਡਾਕਟਰ ਦੀ ਸਲਾਹ ਨਾਲ ਸਹੀ ਕਾਰਨ ਪਤਾ ਕਰ ਕੇ ਇਲਾਜ ਕਰਾਉਣਾ ਚਾਹੀਦਾ ਹੈ ਅਤੇ ਕਸਰਤ ਕਰਕੇ ਗੁੱਟ ਦੁਆਲੇ ਮਾਸਪੇਸ਼ੀਆਂ ਨੂੰ ਲਚਕਦਾਰ ਅਤੇ ਮਜ਼ਬੂਤ ਬਣਾਉ। ਇਹ ਕਸਰਤਾਂ ਤਕਲੀਫ ਨਾ ਹੋਣ ਦੀ ਹਾਲਤ ਵਿਚ ਵੀ ਗੁੱਟ ਨੂੰ ਸਿਹਤਮੰਦ ਰੱਖਣ ਲਈ ਲਾਭਕਾਰੀ ਹਨ।

**ਗੁੱਟ ਦੁਆਲੇ ਮਾਸਪੇਸ਼ੀਆਂ ਲਚਕਦਾਰ ਕਰਨ ਦੀਆਂ ਕਸਰਤਾਂ**

1. ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਕੀਤੀ

ਜਾ ਸਕਦੀ ਹੈ। ਬੈਠਣ ਦੀ ਹਾਲਤ ਵਿਚ ਵੀ ਪਿੱਠ ਸਿੱਧੀ ਰੱਖੋ।

2. ਹੁਣ ਇਕ ਬਾਂਹ ਨੂੰ ਸਰੀਰ ਦੇ ਅੱਗੇ ਸਿੱਧਾ ਮੋਢੇ ਦੀ ਉਚਾਈ ਤੱਕ ਉੱਪਰ ਚੁੱਕੋ। ਪਹਿਲਾ ਹੱਥ ਉੱਪਰ ਵੱਲ ਰੱਖੋ ਤਾਂ ਕਿ ਤਲੀ ਸਾਹਮਣੇ ਵੱਲ ਰਹੇ। ਦੂਸਰੇ ਹੱਥ ਨਾਲ ਇਸ ਹੱਥ ਦੀਆਂ ਉਂਗਲਾਂ ਫੜ ਕੇ ਜਿਥੋਂ ਤੱਕ ਬਿਨਾਂ ਤਕਲੀਫ ਦੇ ਹੋ ਸਕੇ ਆਪਣੇ ਵੱਲ 15-30 ਸਕਿੰਟ ਖਿੱਚ ਕੇ ਰੱਖੋ। ਹੱਥ ਵਾਪਸ ਸਿੱਧਾ ਕਰਕੇ 1-2 ਸਕਿੰਟ ਰੁਕੋ ਅਤੇ ਫਿਰ ਹੱਥ ਹੇਠਾਂ ਵੱਲ ਕਰੋ ਤਾਂ ਕਿ ਹਥੇਲੀ ਤੁਹਾਡੇ ਵੱਲ ਹੋ ਜਾਵੇ। ਦੁਬਾਰਾ ਫੇਰ ਦੂਸਰੇ ਹੱਥ ਨਾਲ ਇਸ ਹੱਥ ਦੀਆਂ ਉਂਗਲਾਂ ਫੜ ਕੇ ਜਿਥੋਂ ਤੱਕ ਬਿਨਾਂ ਤਕਲੀਫ਼ ਦੇ ਹੋ ਸਕੇ ਆਪਣੇ ਵੱਲ 15-30 ਸਕਿੰਟ ਖਿੱਚ ਕੇ ਰੱਖੋ। ਹੱਥ ਵਾਪਸ ਸਿੱਧਾ ਕਰਕੇ ਬਾਂਹ ਹੇਠਾਂ ਸਰੀਰ ਦੇ ਬਰਾਬਰ ਲੈ ਆਉ।

3. ਹੁਣ ਦੂਸਰੀ ਬਾਂਹ ਉੱਪਰ ਚੁੱਕ ਕੇ ਇਹ ਕਸਰਤ ਦੂਸਰੇ ਹੱਥ ਨਾਲ ਵੀ ਕਰੋ।

4. ਇਸ ਤਰ੍ਹਾਂ 1-2 ਵਾਰ ਇਹ ਕਸਰਤ ਦੋਹਾਂ ਹੱਥਾਂ ਨਾਲ ਦੁਹਰਾਉ।

5. ਕਸਰਤ ਕਰਦੇ ਸਮੇਂ ਗਰਦਨ ਸਿੱਧੀ ਅਤੇ ਮੋਢੇ ਤਣਾਅ ਮੁਕਤ ਰੱਖੋ। ਜਿਹੜੀ ਬਾਂਹ ਉੱਪਰ ਕਰਕੇ ਸਿੱਧੀ ਕਰਨੀ ਹੈ ਉਸ ਨੂੰ ਕੂਹਣੀ ਤੋਂ ਹਲਕਾ ਜਿਹਾ ਮੋੜ ਕੇ ਰੱਖੋ। ਇਸ ਤਰ੍ਹਾਂ ਇਹ ਕਸਰਤਾਂ ਲਗਾਤਾਰ ਕਰਨ ਨਾਲ ਕਮਰ ਅਤੇ ਗੁੱਟ ਨੂੰ ਦਰਦ ਤੋਂ ਕਾਫੀ ਰਾਹਤ ਮਿਲਦੀ ਹੈ।

# ਜਦੋਂ ਸਾਨੂੰ ਮੁਸੀਬਤ ਆਉਂਦੀ ਹੈ ਉਦੋਂ ਅਸੀਂ ਜ਼ਿੰਦਗੀ ਦੀ ਅਸਲ ਜਾਂਚ ਸਿਖਦੇ ਹਾਂ

ਹਰ ਮਨੁੱਖ ਚਾਹੁੰਦਾ ਹੈ ਕਿ ਉਸਦੀ ਜ਼ਿੰਦਗੀ ਵਿਚ ਸਦਾ ਖੁਸ਼ੀਆਂ ਅਤੇ ਸੁੱਖ ਰਹੇ। ਉਸ ਦਾ ਪਰਿਵਾਰ ਹੱਸਦਾ ਵੱਸਦਾ ਰਹੇ, ਉਹ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ ਪਰ ਜੇਕਰ ਅਸਲ ਜੀਵਨ ਵਿਚ ਝਾਤ ਮਾਰੀਏ ਤਾਂ ਸੱਚਾਈ ਕੁਝ ਹੋਰ ਹੈ। ਜ਼ਿੰਦਗੀ ਵਿੱਚ ਦੁੱਖ ਤੇ ਤਕਲੀਫਾਂ ਦੋਵੇਂ ਆਉਂਦੀਆਂ ਹਨ। ਕਈ ਵਾਰ ਸਾਰੀਰਕ ਅਤੇ ਮਾਨਸਿਕ ਦੁੱਖ ਮਨੁੱਖ ਤੇ ਬਹੁਤ ਹਾਵੀ ਹੋ ਜਾਂਦੇ ਹਨ ਅਤੇ ਮਨੁੱਖ ਅੰਦਰੋਂ ਹੀ ਅੰਦਰ ਖਤਮ ਹੋਣ ਲੱਗ ਜਾਂਦਾ ਹੈ। ਇਸ ਲਈ ਸਾਡੀ ਸੋਚ ਦਾ ਇਸ ਗੱਲ ਨੂੰ ਸਵੀਕਾਰ ਕਰ ਲੈਣਾ ਬਹੁਤ ਜ਼ਰੂਰੀ ਹੈ ਕਿ ਜ਼ਿੰਦਗੀ ਸਿਰਫ ਇੱਕ ਪਹਿਲੂ ਤੇ ਨਹੀਂ ਚੱਲਦੀ। ਇਸ ਵਿਚ ਸੁੱਖ ਅਤੇ ਦੁੱਖ ਦੋਵੇਂ ਹੀ ਆਉਣਗੇ ਅਤੇ ਸਾਨੂੰ ਦੋਹਾਂ ਨੂੰ ਹੀ ਸਵੀਕਾਰ ਕਰਨਾ ਪਵੇਗਾ।

ਜੇਕਰ ਕੋਈ ਕੰਮ ਸਾਡੀ ਇੱਛਾ ਮੁਤਾਬਿਕ ਹੋ ਰਿਹਾ ਹੈ ਤਾਂ ਅਸੀਂ ਉਸਨੂੰ ਸੁੱਖ ਸਮਝਦੇ ਹਾਂ ਅਤੇ ਖੁਸ਼ੀ ਦਾ ਅਨੁਭਵ ਕਰਦੇ ਹਾਂ। ਅਸਲ ਵਿਚ ਜਦੋਂ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ ਜਾਂ ਮੁਸੀਬਤ ਆਉਂਦੀ ਹੈ ਉਦੋਂ ਅਸੀਂ ਜ਼ਿੰਦਗੀ ਦੀ ਅਸਲ ਜਾਂਚ ਸਿਖਦੇ ਹਾਂ। ਸਾਨੂੰ ਸਾਡੇ ਸਹੀ ਗਲਤ ਦਾ ਪਤਾ ਲੱਗਦਾ ਹੈ, ਨਾਲ ਹੀ ਨਾਲ ਤੁਹਾਡੇ ਰਿਸ਼ਤਿਆਂ ਅਤੇ ਤੁਹਾਡਾ ਅਸਲ ਸਾਥ ਨਿਭਾਉਣ ਵਾਲਿਆਂ ਦੇ ਵੀ ਭੇਦ ਖੁੱਲ੍ਹ ਜਾਂਦੇ ਹਨ। ਦੁੱਖ ਵੇਲੇ ਕੌਣ ਤੁਹਾਡੇ ਨਾਲ ਹੈ ਅਤੇ ਕੌਣ ਦੂਰ ਇਸ ਨਾਲ ਤੁਸੀਂ ਆਪਣੇ ਸੱਚੇ ਸਾਥੀਆਂ ਦਾ ਪਤਾ ਕਰ ਸਕਦੇ ਹੋ।

ਚਲੋ ਇਹ ਤਾਂ ਹੋ ਗਈ ਸਮਾਜਿਕ ਪੱਖ ਦੀ ਗੱਲ, ਜਿਸ ਵਿਚ ਅਸੀਂ ਇਹ ਜਾਣਿਆ ਕਿ ਦੁੱਖ ਸਾਡੇ ਲਈ ਚੰਗੇ ਹੀ ਹਨ। ਪਰ ਇਸਦਾ ਮਾਨਸਿਕ ਪੱਧਰ ਤੇ ਵੀ ਕਾਫੀ ਵੱਡਾ ਰੋਲ ਹੈ। ਹਾਂ, ਇਹ ਵਿਸ਼ਾ ਥੋੜ੍ਹਾ ਗੰਭੀਰ ਹੈ। ਹੱਦੋਂ ਵੱਧ ਮਾਨਸਿਕ ਦੁੱਖ ਤੁਹਾਨੂੰ ਡਿਪ੍ਰੈਸ਼ਨ ਦਾ ਸ਼ਿਕਾਰ ਵੀ ਬਣਾ ਸਕਦਾ ਹੈ ਜੋ ਕਿ ਅੱਜ ਕੱਲ ਦੀ ਆਮ ਪਰ ਬਹੁਤ ਹੀ ਖਤਰਨਾਕ ਤੇ ਭਿਆਨਕ ਬਿਮਾਰੀ ਹੈ। ਇਸ ਲਈ ਸਾਨੂੰ ਇਸ ਨਾਲ ਪਹਿਲਾਂ ਹੀ ਨਜਿੱਠਣਾ ਪਵੇਗਾ। ਦੁੱਖਾਂ ਤੇ ਚਿੰਤਾਵਾਂ ਨਾਲ ਜੇਕਰ ਤੁਸੀਂ ਪਹਿਲੇ ਹੀ ਪੜਾਅ ਤੇ ਖੁਦ ਨੂੰ ਮਜ਼ਬੂਤ ਬਣਾ ਅੱਗੇ ਵੱਧੋਗੇ ਤਾਂ ਤੁਸੀਂ ਮੁਸੀਬਤ ਨਾਲ ਲੜਨ ਦੀ ਸ਼ਕਤੀ ਪਾਉਗੇ ਅਤੇ ਤੁਹਾਡੀ ਸੂਝ ਬੂਝ ਵਿਚ ਵਾਧਾ ਹੋਵੇਗਾ। ਹਰ ਕੋਈ ਆਪਣੇ ਦੁੱਖ ਨੂੰ ਤਿਆਗਣਾ ਅਤੇ ਉਸ ਤੋਂ ਦੂਰ ਜਾਣਾ ਪਸੰਦ ਕਰਦਾ ਹੈ ਪਰ ਜਦੋਂ ਤੁਸੀਂ ਖੁਦ ਨੂੰ ਆਤਮਿਕ ਸ਼ਕਤੀ ਨਾਲ ਭਰ ਕੇ ਆਪਣੇ ਦੁੱਖਾ ਨੂੰ ਦੂਰ ਕਰਨ ਦਾ ਯਤਨ ਕਰੋਗੇ ਤਾਂ ਤੁਸੀਂ ਮਾਨਸਿਕ ਤੌਰ ਤੇ ਆਪਣੇ ਆਪ ਵਿਚ ਵੱਡੀ ਤਬਦੀਲੀ ਮਹਿਸੂਸ ਕਰੋਗੇ। ਤੁਸੀਂ ਆਪਣੇ ਆਪ ਨੂੰ ਵਧੇਰੇ ਹਿੰਮਤ ਵਾਲਾ ਪਾਉਗੇ।

ਪਰ ਇੱਥੇ ਜ਼ਰੂਰੀ ਇਹ ਹੈ ਕਿ ਤੁਸੀਂ ਆਪਣੇ ਦੁੱਖ ਦੂਰ ਕਰਨ ਦੀ ਕੋਸ਼ਿਸ਼ ਕਰੋ। ਮਨੁੱਖ ਵੱਡੇ ਤੋਂ ਵੱਡੇ ਡਿਪ੍ਰੈਸ਼ਨ 'ਚੋਂ ਵੀ ਬਾਹਰ ਆ ਜਾਂਦਾ ਹੈ। ਬਸ ਲੋੜ ਹੈ ਪੂਰੀ ਲਗਨ ਨਾਲ ਕੋਸ਼ਿਸ਼ ਕਰਨ ਦੀ। ਫਿਰ ਉਹ ਦੁੱਖ ਵੀ ਦੁੱਖ ਨਹੀਂ ਰਹਿੰਦਾ। ਉਹ ਤੁਹਾਡੀ ਹਿੰਮਤ ਅਤੇ ਗੁਣ ਬਣ ਜਾਂਦਾ ਹੈ। ਮੇਰੇ ਵਿਚਾਰ ਅਨੁਸਾਰ ਜੇਕਰ ਸਾਡੇ ਜੀਵਨ ਵਿੱਚ ਦੁੱਖ ਅਤੇ ਤਕਲੀਫਾਂ ਨਾ ਆਉਣ ਤਾਂ ਜੀਵਨ ਬੇ-ਰਸ ਜਿਹਾ ਹੀ ਹੋ ਜਾਵੇਗਾ ਅਤੇ ਮਨੁੱਖ 'ਚ ਸਿਖਣ ਅਤੇ ਸਮਝਣ ਦੀ ਸੂਝ ਬੂਝ ਮਿਟਣੀ ਸ਼ੁਰੂ ਹੋ ਜਾਏਗੀ। ਇਸ ਲਈ ਦੁੱਖ ਅਤੇ ਤਕਲੀਫਾਂ ਦਾ ਜ਼ਿੰਦਗੀ 'ਚ ਆਉਣਾ ਵੀ ਜ਼ਰੂਰੀ ਹੈ। ਅਸਲ ਵਿਚ ਜਦ ਦੁੱਖਾਂ ਨੂੰ ਅਸੀਂ ਇਕ ਸਮੱਸਿਆ ਹੀ ਸਮਝਾਂਗੇ ਤਾਂ ਇਸ ਤੋਂ ਬਾਹਰ ਨਿਕਲਣਾ ਹੋਰ ਵੀ ਆਸਾਨ ਹੋ ਜਾਵੇਗਾ। ਕਿਉਂਕਿ ਫਿਰ ਅਸੀਂ ਮੁਸੀਬਤ ਦੇ ਹੱਲ ਨੂੰ ਲੱਭਣਾ ਸ਼ੁਰੂ ਕਰ ਦਿਆਂਗੇ ਅਤੇ ਹਰ ਮੁਸੀਬਤ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ। ਬਸ ਕਮੀ ਸਾਡੇ ਵਿਚ ਹੀ ਉਸਦਾ ਰਾਹ ਲੱਭਣ ਵਿਚ ਹੁੰਦੀ ਹੈ।

ਦੁੱਖਾਂ ਬਾਰੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਦੁੱਖ ਤਾਂ ਸਾਡੀ ਜ਼ਿੰਦਗੀ ਵਿਚ ਦਵਾ ਜਿਹਾ ਕੰਮ ਕਰਦੇ ਹਨ। ਫਿਰ ਦੁੱਖਾਂ ਤੋਂ ਡਰਨ ਦੀ ਕੀ ਲੋੜ? ਜਿਸ ਦਿਨ ਅਸੀਂ ਆਪਣੇ ਇਸ ਡਰ ਤੇ ਕਾਬੂ ਪਾ ਲਿਆ ਤਾਂ ਦੁੱਖ ਮਹਿਸੂਸ ਹੋਣ ਵੀ ਖਤਮ ਹੋ ਜਾਏਗਾ। ਸਾਨੂੰ ਜ਼ਿੰਦਗੀ ਦੇ ਇਹਨਾਂ ਦੋਵੇਂ ਹੀ ਪੱਖਾਂ ਸੁੱਖ-ਦੁੱਖ ਨੂੰ ਦਿਲੋਂ ਸਵੀਕਾਰ ਕਰ ਕੇ ਜ਼ਿੰਦਗੀ ਨੂੰ ਸੁਚੱਜੇ ਅਤੇ ਬੇਹਤਰ ਤਰੀਕੇ ਨਾਲ ਜੀਣਾ ਚਾਹੀਦਾ ਹੈ ਤਾਂ ਜੋ ਅਸੀਂ ਸੰਸਾਰਿਕ ਅਤੇ ਆਤਮਿਕ ਜੀਵਨ ਦੋਹਾਂ ਦਾ ਹੀ ਅਨੰਦ ਲੈ ਸਕੀਏ।

**ਕਿਰਨਪ੍ਰੀਤ ਕੌਰ**

# ਕਾਵਿ-ਕਿਆਰੀ

## ਕਵਿਤਾ / ਆਈ ਐਮ ਲੌਸਟ

**ਸੁਰਿੰਦਰ ਮਕਸੂਦਪੁਰੀ**



'ਆਈ ਐਮ ਲੌਸਟ
ਹੀ ਇਜ਼ ਲੌਸਟ
ਸ਼ੀ ਇਜ਼ ਲੌਸਟ !'
ਵਰਗੇ ਮਾਡਰਨ ਮੰਗਤਿਆਂ ਦੇ
ਹੈਰਾਨੀਜਨਕ ਕੁਮੈਂਟਸ
ਉਸ ਵਿਕਸਤ ਦੇਸ਼ 'ਚ ਵਿਚਰਦਿਆਂ
ਕਿਸੇ ਨਾ ਕਿਸੇ
ਮੋੜ 'ਤੇ ਮੈਨੂੰ ਮਿਲ ਜਾਂਦੇ
ਉੱਥੇ ਅਜਿਹਾ ਵਰਤਾਰਾ ਵੇਖ
ਦਿਲ ਹਿੱਲ ਜਾਂਦੇ

ਇੰਝ ਲਗਦੈ
ਇਹ ਚਿੱਟੀ ਚਮੜੀ ਦੇ ਸੌਦਾਗਰ
ਅਖੌਤੀ ਗੁਆਚੇ ਚਿਹਰੇ
ਜ਼ਿੰਦਗੀ ਤੋਂ ਹਾਰੇ-ਹੁੱਟੇ
ਜਾਂ ਕਿਸੇ ਨਸ਼ਿਉਂ ਟੁੱਟੇ
ਸਰੀਰਕ ਸੇਲ 'ਤੇ ਲੱਗੇ
ਚਿੱਟ-ਚਮੜੀਏ ਚਿਹਰੇ
ਗੁਆਚੇ ਹੋਣ ਦਾ ਬਹਾਨਾ ਘੜਦੇ
'ਆਈ ਨੀਡ ਯੂਅਰ ਫ਼ੇਵਰ-
ਆਈ ਨੀਡ ਯੂਅਰ ਫ਼ੇਵਰ'
ਗਿੜਗਿੜਾਉਂਦੇ ਤਰਲੇ ਕਰਦੇ

ਚਾਹੁੰਦਿਆਂ/ਅਣਚਾਹੁੰਦਿਆਂ
ਮੈਂ ਇੱਕ-ਦੋ ਡਾਲਰ
ਉਨ੍ਹਾਂ ਦੀ ਤਲੀ 'ਤੇ ਧਰਦਾ
ਤੇ ਦੱਬਵੀਂ ਸੁਰ 'ਚ
ਆਪਣੀ ਜਨਮ ਭੂਮੀ ਨੂੰ
ਸਿਜਦੇ/ਸਲਾਮਾਂ ਕਰਦਾ


ਮੈਂ ਖ਼ੁਦ ਨੂੰ
ਦੋਸ਼ੀ ਠਹਿਰਾਉਂਦਾ ਹਾਂ
ਖ਼ੁਦ ਹੀ ਇਹ ਦੋਸ਼ੀ ਲੇਬਲ
ਆਪਣੀ ਮੈਂ 'ਤੇ ਲਾਉਂਦਾ ਹਾਂ :
'ਯੂ ਆਰ ਨਾਟ ਲੌਸਟ
ਐਕਚੂਅਲੀ ਆਈ ਐਮ ਲੌਸਟ
ਇਨ ਯੂਅਰ ਵੰਡਰਲੈਂਡ
ਫਾਰਗੈਟਿੰਗ ਮਾਈ ਹੋਮਲੈਂਡ !'

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

*****

## ਕਵਿਤਾ/ ਇੱਕ ਘਰ ਦੀ ਦਾਸਤਾਨ

**ਰਤਨ ਟਾਹਲਵੀ**



ਅੱਜ ਸ਼ਹਿਰ ਦੀਆਂ ਸੜਕਾਂ 'ਤੇ
ਬੇਰੌਣਕੀ ਦਾ ਆਲਮ ਹੈ
ਖ਼ੈਰ ਹੋਵੇ ਕਿਸੇ ਜਾਨ ਮਾਲ ਦੀ।
ਇੱਕ ਮੁਹੱਲੇ ਦੇ ਲੋਕ
ਦੂਜੇ ਮੁਹੱਲੇ ਦੇ ਕਿਸੇ ਘਰ
ਜਾ ਰਹੇ ਨੇ ਕਿਉਂ?
ਸੋਚਦਾ ਹਾਂ ਮੈਂ।

ਘਰ 'ਚ ਮਾਤਮ ਛਾਇਆ ਪਿਆ ਏ
ਹਰ ਇੱਕ ਤੀਵੀਂ ਦੇ ਸਿਰ
ਕਿਸੇ ਰੰਗੀਨ ਚੁੰਨੀ ਨੇ ਨਹੀਂ ਢੱਕੇ ਅੱਜ।
ਹੈਰਾਨ ਹਾਂ ਕਿਉਂ
ਕੁਝ ਪਤਾ ਨਹੀਂ ਲੱਗ ਰਿਹੈ ਮੈਨੂੰ।
ਕੁਝ ਲੋਕ
ਕਿਸੇ ਪੁਲਿਸ ਚੌਂਕੀ ਦਾ
ਜਾ ਰਹੇ ਨੇ ਕਰਨ ਘਿਰਾਓ।
ਖ਼ੈਰ ਹੋਵੇ ਕਿਸੇ ਜਾਨ ਮਾਲ ਦੀ,
ਮੇਰੇ ਸ਼ਹਿਰ 'ਚ।

ਕੁਝ ਲੋਕ ਜ਼ਿਹਨ 'ਚ
ਸਿਆਸੀ ਤਵੇ ਲੈ
ਹੋ ਗਏ ਨੇ ਹਾਜ਼ਰ ਇੱਕ ਚੌਂਕ 'ਚ
ਤੇ
ਸੇਕਣ ਲੱਗੇ ਨੇ ਇੱਕ ਘਰ ਦਾ ਸੇਕ ਲੈ
ਕੁਝ ਅੱਗ ਲਗਾਊ ਰੋਟੀਆਂ
ਹੌਲੀ-ਹੌਲੀ ਸੜਕਾਂ 'ਤੇ

ਭੀੜ ਦਾ ਵਿਸਤਾਰ ਵੀ ਹੋ ਰਿਹੈ।
ਅਰਥਾਂ ਦਾ ਸੰਚਾਰ ਵੀ ਹੋ ਰਿਹੈ।
ਕੋਈ ਕਿਸੇ ਨੂੰ ਕਹਿ ਰਿਹੈ
ਹਾਏ ! ਕਿੰਨਾ ਸੁਹਣਾ ਸੀ ਇਸ ਘਰ ਦਾ
ਅਲਸ਼ੇਸ਼ਨ
ਹਾਏ ! ਮਰ ਜਾਣਾ ਅਲਸ਼ੇਸ਼ਨ।

* * * * *

## ਕਵਿਤਾ/ ਰਿਸ਼ਤੇ

ਰਿਸ਼ਤੇ ਸਾਰੇ ਨੇ ਹੁਣ ਟੁੱਟ ਗਏ,
ਪਿਆਰ ਵੀ ਸੱਚੇ ਨੇ ਹੁਣ ਮੁੱਕ ਗਏ,
ਹੰਝੂ ਕੋਈ ਵਹਾਉਂਦਾ ਨਹੀਂ ਹੁਣ,
ਦਰਿਆ ਦਰਦਾਂ ਦੇ ਸਭ ਹੁਣ ਸੁੱਕ ਗਏ।



ਕੋਈ ਕਿਸੇ ਦੀ ਗੱਲ ਨਾ ਮੰਨੇ,
ਅਣਖਾਂ ਵਾਲੇ ਵੀ ਹੋ ਗਏ ਅੰਨੇ,
ਪੈਸਾ ਸਭ ਸਿਰ ਚੜ੍ਹ ਕੇ ਬੋਲੇ,
ਹਰ ਕੋਈ ਸਿਰ ਗਰੀਬ ਦਾ ਭੰਨੇ।

ਗੁਰੂ ਚੇਲੇ ਦੀ ਮੁੱਕ ਗਈ ਦੂਰੀ,
ਚੇਲੀ ਗੁਰੂ ਦੀ ਖਾਵੇ ਚੂਰੀ,
ਹਰ ਰਿਸ਼ਤੇ ਨੇ ਰੰਗ ਵਟਾਏ,
ਚੜ੍ਹ ਗਈ ਸਭ ਦੇ ਸਿਰ ਮਗ਼ਰੂਰੀ।

ਚੱਪੇ ਚੱਪੇ ਲਈ ਲੜਦੇ ਵਗ ਗਏ,
ਮਹਿਲ ਮੁਨਾਰੇ ਪਿੱਛੇ ਛੱਡ ਗਏ,
ਜਿਨ੍ਹਾਂ ਲਈ ਸੀ ਧੋਖੇ ਕੀਤੇ,
ਪਿੰਡੋਂ ਬਾਹਰ ਸੀ ਸੁੱਟ ਕੇ ਭੱਜ ਗਏ।

'ਸੁਖਵਿੰਦਰ' ਤੂੰ ਬਸ ਲਿਖਦੇ ਰਹਿਣਾ,
ਭਾਵੇਂ ਕੋਈ ਨਾ ਮੰਨੇ ਤੇਰਾ ਕਹਿਣਾ,
ਸਮਝ ਸਾਰਾ ਕੁਝ ਉਸ ਦਿਨ ਆਉਣਾ,
ਜਦ ਚਿਖਾ ਰੱਖ ਲਾਂਬੂ ਲਾਉਣਾ।

**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ., ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

● ● ●

*ਵਾਰਸ ਸ਼ਾਹ ਮੀਆਂ ਸਭੋ ਕੰਮ ਹੁੰਦੇ,*
*ਜਦੋਂ ਰੱਬ ਹੁੰਦਾ ਮਿਹਰਬਾਨ ਮੀਆਂ।*
..............................
*ਵਾਰਸ ਸ਼ਾਹ ਉਹ ਸਦਾ ਹੀ ਜਿਉਂਦੇ ਨੇ,*
*ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੀ।*
'ਕਿੱਸਾ ਹੀਰ ਵਾਰਸ ਸ਼ਾਹ' 'ਚੋਂ

● ● ●

# ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।

# छोटे साहिबजादे : जिन्हें मुगलों ने दीवार में जिंदा चुनवा दिया!


धर्म की खातिर खुशी-खुशी शहादत और जंग में दुश्मनों को धूल चटाने वाले गुरु गोबिंद सिंह जी के चार साहिबजादों के बारे में शायद ही कोई ऐसा होगा जो नहीं जानता होगा। जहां गुरु जी के दो बड़े साहिबजादे जंग में लड़ते हुए शहीद हो गए, वहीं दो छोटे साहिबजादों को जिंदा दीवार में चिनवा दिया गया। भले ही आज किताबों में इनके बारे में ज्यादा ज़िक्र न हो लेकिन यह नन्हीं जानें अपने पीछे आज एक मिसाल कायम करने वाले पदचिह्न छोड़ गए हैं। छोटे साहिबजादे अपने इरादों पर अटल रहे और मुगलों के सामने न झुकते हुए मौत को गले लगाना बेहतर समझा।

**आनंदपुर साहिब किले की वो भीषण लड़ाई** – शुरुआत हुई आनंदपुर साहिब के किले से, जहां गुरु गोबिंद सिंह जी के शूरवीर सिंह और मुगल सेना के बीच कई माह से घमासान युद्ध जारी था।

गुरु गोबिंद सिंह और उनके सिंह हार मानने को तैयार नहीं हैं, नन्हीं जानें, ये देख कर औरंगजेब हतप्रभ रह गया।

ऐसे में उसने गुरु जी को एक खत लिखा कि मैं कुरान की कसम खाता हूं, यदि आप आनंदपुर का किला खाली कर दें तो आपको बिना किसी रोक-टोक के यहां से जाने दिया जाएगा। हालांकि गुरु जी को औरंगजेब पर विश्वास नहीं था लेकिन उन्होंने उसे आजमाने के लिए किला छोड़ देना स्वीकार कर लिया।


ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524

**बिछड़ गया गुरु जी का परिवार** – किले से निकलने की देर ही थी कि मुगल सेना गुरु जी और उनके बहादुर सिंहों पर टूट पड़ी। सरसा नदी के किनारे एक बार फिर घमासान युद्ध हुआ और इस युद्ध में एक नुकसान यह हुआ कि गुरु जी का पूरा परिवार अलग-थलग हो गया।

गुरु जी के छोटे सुपुत्र साहिबजादा जोरावर सिंह और साहिबजादा फतेह सिंह अपनी दादी माता गुजरी जी के साथ चले गए। बड़े साहिबजादे युद्ध लड़ते-लड़ते गुरु जी के साथ सरसा नदी पार करके रात को रोपड़ नगरी में रहे और तड़के चमकौर साहिब की गढ़ी जा पहुंचे।

छोटे साहिबजादे जब जंगल पार कर रहे थे तो शेर, सांप और कई अन्य जानवर उनके सामने आए लेकिन वह माता गुजरी जी के



साथ बाणी का पाठ करते हुए आगे बढ़ते रहे।

**गंगू ने किया विश्वासघात** – जंगल पार करते हुए रात हो चुकी थी और माता गुजरी और छोटे साहिबजादे एक झोपड़ी में ही रात बिताने लगे। इस घटना की खबर सुनकर अगले दिन सुबह गुरु जी के लंगर का सेवक गंगू नाम का ब्राह्मण माता जी के पास जा पहुंचा। वह अपने घर माता जी और छोटे साहिबजादों को ले गया, लेकिन उसने माता जी के साथ विश्वासघात कर दिया। जब रात को माता जी और साहिबजादे सो रहे थे तो उसने दबे पांव आकर माता जी की अशर्फियों की पोटली चुरा ली। हालांकि माता जी ने उसे यह करते हुए देख लिया था लेकिन उन्होंने गंगू को कुछ नहीं कहा। इतना ही नहीं गंगू ने माता जी के साथ एक ओर विश्वासघात करते हुए मुरिण्डे के कोतवाल को यह जानकारी दे दी कि माता जी और छोटे साहिबजादे उसके घर में छिपे हुए हैं। इस पर कोतवाल ने तुरंत अपने सिपाहियों को भेजते हुए माता जी और साहिबजादों को बंदी बनाकर लाने का आदेश दे दिया। इस आदेश के बाद माता जी और साहिबजादों को रात में मुरिण्डे की हवालात में कैद कर दिया गया।

माता जी ने साहिबजादों को गुरु नानक देव और गुरु तेग बहादुर जी की बहादुरी के बारे में बताया और रहिरास का पाठ करके वह सो गए। अगली सुबह उन्हें बैलगाड़ी में बैठाकर सरहंद के बसी थाने लिजाया गया।

लोगों की भीड़ भी साथ चल रही थी। माता जी और छोटे साहिबजादों को निडर देख लोग कह रहे थे ये वीर पिता के वीर सपूत हैं।

सरहंद पहुंचकर रात को माता जी और दोनों साहिबजादों को ठंडे बुर्ज में रखा गया जहां चल रही हांड़ कंपा देने वाली ठंडी हवाएं किसी भी व्यक्ति को कमज़ोर बना सकती थीं लेकिन वह अपने इरादों पर अडिग थे।

**वाहेगुरु के जयकारे से गूंज उठी मुगल कचहरी** – अगले दिन सुबह नवाब वजीर खान के सिपाही आए और साहिबजादों को नवाब की कचहरी में ले गए। उन्होंने अंदर पहुंचते ही गर्ज कर फतेह बुलाई **वाहेगुरु जी का खालसा। वाहेगुरु जी की फतेह।।** उनके ऊंचे जयकारे की आवाज़ से पूरी कचहरी गूंज उठी और सभी की नज़रें साहिबजादों पर थी।

वज़ीर खान उन्हें बच्चा समझते हुए पुचकार कर बोला बच्चों तुम बहुत भले लगते हो मुसलमान कौम को तुम पर बहुत गर्व होगा यदि तुम कलमा पढ़कर मोमिन बन जाओ, तुम्हें मुंह मांगी मुराद मिलेगी। इस पर दोनों साहिबजादे गर्ज कर बोले हमें अपना धर्म प्रिय है। यह सुनकर नवाब को गुस्सा आया और काजी से बोला सुन लिया इन बागियों का गुस्ताखी भरा जवाब इन्हें सज़ा देनी ही पड़ेगी ये बागी की संतान हैं।

ये सब सुनकर भी जब साहिबजादे डरे नहीं तो वहां बैठा दीवान सुच्चानंद उठकर आया और बोला कि यदि तुम्हें छोड़ दिया जाए तो तुम कहां जाओगे। इस पर साहिबजादों ने कहा कि वह जंगल में जाएंगे, सिखों और घोड़ों को इकट्ठा करेंगे, फिर तुमसे लड़ेंगे।

इस पर दीवान ने गुस्से में आते हुए नवाब से कहा कि इन बच्चों को सज़ा तो देनी ही पड़ेगी अन्यथा आगे चलकर यह भी हमारे साथ बगावत ही करेंगे।

**काजी का फतवाए् जिंदा नींव में चिनवा दो** – दरबार में मौजूद काजी ने साहिबजादों का सुच्चानंद के साथ हुआ वार्तालाप सुना और कुछ देर सोचने के बाद फतवा जारी कर दिया। इसमें लिखा था कि कि ये बच्चे बगावत पर तुले हैं इन्हें जिंदा ही नींव में चिनवा दिया जाए। फतवा सुनाकर साहिबजादों को वापस ठंडा बुर्ज भेज दिया गया जहां उन्होंने दादी माता गुजरी को कचहरी में हुई सारी बात सुनाई।

वहीं नवाब ने काजी को हुक्म दिया कि बच्चों को दीवार में चिनवाने के लिए जल्लाद का इंतजाम किया जाए। अगले दिन साहिबजादों को दोबारा कचहरी लाया गया और फिर उनके विचार पूछे गए लेकिन वह अपने इरादों पर अटल रहे। दोनों ने एक बार फिर कहा कि हम अपना धर्म नहीं बदलेंगे यह सुनकर एक कर्मचारी आगे आया और बोला हुजूर दिल्ली के शाही जल्लाद मिसाल बेग और विसाल बेग कचहरी में उपस्थित हैं। आज इनकी पेशी है अगर आप इन्हें माफ कर दें तो यह बच्चों को नींव में चिनने के लिए राजी हैं। नवाब ने तुरंत हुक्म दिया कि इन जल्लादों का मुकद्दमा बर्खास्त किया जाता है और इन बच्चों को जल्लादों के हवाले कर दिया जाए। आदेश की तामील की गई और बच्चों को उस जगह ले जाया गया जहां दीवार बनाई जा रही थी। साहिबजादों को उस दीवार के बीच खड़ा कर दिया गया। अब काजी ने एक बार फिर कहा कि दीन कबूल लो क्यों अपनी नन्हीं जानें अकारण खो रहे हो।

जल्लादों ने भी उन्हें फुसलाने की कोशिश की लेकिन साहिबजादों ने जल्लादों से कहा कि जल्दी से जल्दी मुगल राज्य का अंत करो, पापों की दीवार और ऊंची करो देर क्यों कर रहे हो। इतना कह कर दोनों साहिबजादे जपुजी साहिब का पाठ करने लगे और उधर जल्लादों ने दीवार खड़ी करनी शुरू कर दी।

**शहीद हो गए साहिबजादे** – जब दीवार बच्चों के सीने तक आ गई तो एक बार फिर काजी और नवाब ने उनसे धर्म कबूल करने को कहा लेकिन उन्होंने इंकार कर दिया।

छोटे साहिबजादे फतेह सिंह ने कहा कि हमारे दादा जी गुरु तेग बहादुर साहिब ने शीश दिया पर धर्म नहीं छोड़ा हम जल्दी ही उनके पास पहुंच जाएंगे वह हमारे रक्षक हैं।

थोड़ी देर बाद ही दोनों साहिबजादे बेहोश हो गए यह देखकर जल्लाद घबरा गए। जल्लाद आपस में कहने लगे कि ये अपनी अंतिम सांसें ले रहे हैं दीवार और ऊंची करने की आवश्यकता नहीं है रात उतर रही है इनका गला काटकर जल्दी काम खत्म किया जाए। इतना कहना भर था कि दोनों बेहोश हो चुके साहिबजादों को बाहर निकाला गया और उन्हें शहीद कर दिया गया।

यह देख आसपास खड़े लोगों की आंखों से आंसुओं की धार फूट पड़ी और वह आह भरकर नवाब और काजी को कोसने लगे।

इधर छोटे साहिबजादे शहीद हुए और उधर ठंडे बुर्ज में माता गुजरी जी ने अपने प्राण त्याग दिए।

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।**

**APPLICATIONS ARE INVITED UPTO 15.02.2026 FROM ELIGIBLE CANDIDATES**

Application Regd. No.________

# BABA MAKHAN SHAH LOBANA FOUNDATION (REGD.)

**Sector-30A, Chandigarh-160030, Phone: 73470-65188**

## APPLICATION FORM

**Merit Cum-Means Scholarship for the Academic Year-2025-26**

Affix Passport Size Photo

1. **Name of Applicant** ________________________________
(In Block Letters)
2. **(i) Father's Name:** ________________________________

**(ii) Mother's Name:** ________________________________

**(iii) Occupation:** ________________________________
3. **Caste** ________________________________
4. **Address for Correspondence: Village:-** ______________ **Post Office :-**____________

**Police Station :-**____________________ **Tehsil :-** ________________________

**Distt :-**_________________**State :-**__________________ **Pin Code :-** _________
5. **Permanent Address** ________________________________________________

**Contact No. Mobile:** ______________ **STD Code:** _______ **Landline:**______________

**E-mail:** ________________________________________________
6. **Class in which studying** ________________________________________________
7. **Past performance and merit in the School/Board/ University (Last Two Years) : -**

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Marks Sheet) |
| | | | | Indicate Board/University Examination (Attach Marks Sheet) |

8. **Were you granted scholarship last year: Yes/No**
**If Yes, Amount of Scholarship received (last year)** ______________ **Class**_______
9. **i) Annual income of Parents/Guardians in Rs.** ______________ **p.a.**
**ii) Attach income certificate from the employer/ Payslip/other documents**
**iii) Income verified by the Sarpanch or Member Panchayat/ Numberdar/Councillor**

10. Signatures a) Student: ______________________________

b) Father/Guardian: ______________________

11. Name of the Bank __________________________ Place ______________________

Account Holder's Name ________________________________________________

Bank Account No. ________________________IFSC Code _____________________

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. Self-attested photocopy of Marks Sheet.
b. Self-attested any other educational document etc.
c. No. of enclosures with the application.

13. Certificate of the Head of the Institution: -

Certified that the applicant is a regular student of class _________ in this School/ College and particulars as shown above are correct.

Place _______________ Signature __________________

Dated ______________ Name _____________________

Designation Stamp Seal

1. Certified that the above facts stated are correct & true to the best of my knowledge. Recommended by the Executive Committee Member/ Working Committee Member/ Any Office Bearer of the BMSL Foundation (Regd.), Sector 30A, Chandigarh.

Place _______________ Signature ________________

Dated ______________ (Name & Designation)

**FOR OFFICE USE ONLY**

i) Date of application received _____________________
ii) Completion / correctness of the applicant By General Secretary ______________
iii) No. of enclosures with the application _____________

Recommended by__________ Sanctioned/ Approved____________

Convener/ Member of the Education Committee

President



# MATRIMONIAL



**LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.**

* * * * *

**SEEKING MATCH FOR 24.11.1996/ 5'5" GRADUATE CANADA SETTLED GIRL, RESIDENCE AT WINIIPEG & WORKING IN MANKOBA AS GOVT. CORRECTION OFFICER, BROTHER UNMARRIED ALSO SETTLED IN CANADA, PERMANENT RESIDENCE IN MOHALI. PREFERENCE ONLY FOR MOHALI & CHANDIGARH. CONTACT –9646426322, 9888062555**

* * * * *

**PERFECT MATCH FOR 17.03.2000/5'5" GRADUATE GIRL RESIDENCE AT WINIIPEG & WORKING IN MANKOBA, ONLINE COMPUTER JOB. BROTHER UNMARRIED & ALSO SETTLED AT SAME PLACE. PERMANENT REDIDENCE AT MOHALI. CONTACT- 9888062555**

* * * * *

**MATCH FOR HANDSOME LABANA SIKH 1997/6 FT, B. TECH + MBA, WORKING IN MNC, PARENTS GOVT. RETIRED. CONTACT – 94665-04766**

* * * * *

**SEEKING MATCH FOR KESHDHARI SIKH GHOTRA LUBANA BOY 1997/5'10 BOY, QUALIFICATION BSC-IT, DIPLOMA IN NETWORK SECUTIRY, WORKING AS A DISTRIBUTION MANAGER, FAMILY- FATHER BUSINESSMAN, MOTHER HOUSE WIFE & ONE BROTHER SETTLED ABROAD. CONTACT- 92151-27051, 93503-06276**

* * * * *

**SEEKING MATCH FOR LUBANA SIKH 25.06.1994/5'11, B.A. LLB FAIR COMPLEXION HANDSOME BOY, REAL ESTATE & ADVOCATE, FAMILY – MOTHER RETD. DEPUTY DIRECTOR DEPT. OF TOURISM, FATHER – HARYANA SECRETARIAT, SISTER- MARRIED & SETTLED IN AUSTRALIA. OWN RESIDENCE IN SUNNY ENCLAVE (AGRICULTURE LAND & COMMERCIAL). GIRL SHOULD BE BEAUTIFUL AND EDUCATED. CONTACT – 98772-58505, 85568-84057**

* * * * *

**MATCH LUBANA SIKH 29 YRS, 6'1" BOY, EDUCATION M. TECH CSE (GOLD MEDALIST), NIIT JALANDHAR 2020, OCCUPATION -MANAGER AT MORGAN STANLEY, MUMBAI HANDSOME PACKAGE. FATHER EX IAF OFFICER, MOTHER HOUSEWIFE, SISTERS- MCM PUNE UNIVERSITY (MARRIED) AND MCA FROM PTU (MARRIED). CONTACT - 9876655811**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਨਵੰਬਰ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਐਡਵੋਕੇਟ ਰਵਿੰਦਰ ਚੌਧਰੀ<br>ਮ.ਨੰ: 13424, ਗਲੀ ਨੰ:1ਏ,<br>ਨਾਮਧਾਰੀ ਮਾਰਗ, ਬਠਿੰਡਾ। | 714 | 500/- | 05.11.2025 |
| 2. | ਸ. ਰਵਿੰਦਰ ਸਿੰਘ, ਸਕੱਤਰ<br>ਮ.ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 715 | 200/- | 16.11.2025 |
| 3. | ਪੰਡਿਤ ਓਮ ਕੁਮਾਰ<br>ਬ.ਮ.ਸ.ਲ ਭਵਨ, ਸੈਕਟਰ-30ਏ, ਚੰਡੀਗੜ੍ਹ। | 716 | 500/- | 16.11.2025 |
| 4. | ਸ. ਦਰਬਾਰਾ ਸਿੰਘ<br>ਮ.ਨੰ. 130, ਸੈਕਟਰ-46ਏ, ਚੰਡੀਗੜ੍ਹ। | 717 | 200/- | 16.11.2025 |
| 5. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405,<br>ਸੈਕਟਰ-40ਡੀ, ਚੰਡੀਗੜ੍ਹ। | 718 | 200/- | 16.11.2025 |
| 6. | ਕਰਨਲ ਗੁਰਦੀਪ ਸਿੰਘ (ਰਿਟਾ.)<br>ਮ.ਨੰ. 62, ਸੈਕਟਰ-71, ਮੋਹਾਲੀ।<br>(ਆਨਲਾਈਨ ਪ੍ਰਾਪਤ ਕੀਤੇ।) | 719 | 500/- | 16.11.2025 |
| 7. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੌਨੀ,<br>ਜ਼ੀਰਕਪੁਰ। | 720 | 200/- | 16.11.2025 |
| 8. | ਇੰਜ. ਹਰਦੇਵ ਸਿੰਘ<br>ਮ.ਨੰ. 1747, ਫ਼ੇਸ-7, ਮੋਹਾਲੀ। | 721 | 200/- | 16.11.2025 |
| 9. | ਸ਼੍ਰੀਮਤੀ ਨਰਿੰਦਰ ਕੌਰ<br>ਮ.ਨੰ. 326/2, ਸੈਕਟਰ-38ਏ, ਚੰਡੀਗੜ੍ਹ। | 722 | 200/- | 16.11.2025 |
| 10. | ਸ. ਜਗੀਰ ਸਿੰਘ<br>ਮ.ਨੰ. 2258/2, ਸੈਕਟਰ-45 ਸੀ,<br>ਚੰਡੀਗੜ੍ਹ। | 723 | 200/- | 16.11.2025 |
| 11. | ਸ. ਅਮਰਜੀਤ ਸਿੰਘ<br>ਮ.ਨੰ. 42, ਸੈਕਟਰ-16ਏ, ਚੰਡੀਗੜ੍ਹ। | 724 | 500/- | 16.11.2025 |

| | | | | |
|---|---|---|---|---|
| 12. | ਸ. ਚਰਨਜੀਤ ਸਿੰਘ<br>ਮ.ਨੰ. 600, ਫ਼ੇਸ-9, ਮੋਹਾਲੀ। | 725 | 200/- | 16.11.2025 |
| 13. | ਸ. ਨਿਰਮਲ ਸਿੰਘ<br>ਮ.ਨੰ. 2354, ਫ਼ੇਸ-10, ਮੋਹਾਲੀ। | 726 | 200/- | 16.11.2025 |

● ● ●

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀਂ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਕੁਝ ਨੇਕੀਆਂ ਤੇ ਚੰਗਿਆਈਆਂ ਅਜਿਹੀਆਂ ਵੀ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਰੱਬ ਤੋਂ ਇਲਾਵਾ ਹੋਰ ਕੋਈ ਗਵਾਹ ਨਾ ਹੋਵੇ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

# ਮਿਤੀ 03-11-25 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਨਗਰ ਕੀਰਤਨ ਦੀਆਂ ਯਾਦਗਾਰੀ ਤਸਵੀਰਾਂ















